National Centre *for* Truth *and* Reconciliation

UNIVERSITY OF MANITOBA

National Centre *for* Truth *and* Reconciliation
UNIVERSITY OF MANITOBA

# ਕੈਨੇਡਾ ਦਾ ਸੱਚ ਅਤੇ ਸੁਲ੍ਹਾ ਕਮਿਸ਼ਨ:

# ਕਾਰਵਾਈ ਦੇ ਲਈ ਸੱਦਾ

# ਕਾਰਵਾਈ ਦੇ ਲਈ ਸੱਦਾ

ਰਿਹਾਇਸ਼ੀ ਸਕੂਲਾਂ ਦੀ ਵਿਰਾਸਤ ਦਾ ਨਿਵਾਰਣ ਕਰਨ ਲਈ ਅਤੇ ਮੂਲਵਾਸੀ ਭਾਈਚਾਰੇ ਨਾਲ ਕੈਨੇਡੀਅਨ ਮੇਲ ਮਿਲਾਪ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਣ ਲਈ ਸੱਚ ਅਤੇ ਸੁਲ੍ਹਾ ਕਮਿਸ਼ਨ ਹੇਠ ਲਿਖੀਆਂ ਕਾਰਵਾਈਆਂ ਦੀ ਮੰਗ ਕਰਦਾ ਹੈ।

## ਵਿਰਾਸਤ

### ਬਾਲ ਭਲਾਈ

1. ਅਸੀਂ ਕੇਂਦਰੀ, ਸੂਬਾਈ, ਖੇਤਰੀ ਅਤੇ ਮੂਲਵਾਸੀ ਸਰਕਾਰਾਂ ਤੋਂ ਮੰਗ ਕਰਦੇ ਹਾਂ ਕਿ ਉਹ ਹੇਠ ਲਿਖੇ ਕਦਮਾਂ ਰਾਹੀਂ ਦੇਖਭਾਲ ਕੇਂਦਰਾਂ ਵਿਚੋਂ ਮੂਲਵਾਸੀ ਬੱਚਿਆਂ ਦੀ ਗਿਣਤੀ ਨੂੰ ਘਟਾਉਣ ਲਈ ਵਚਨ ਦੇਣ:

i. ਨਿਗਰਾਨੀ ਅਤੇ ਅਣਗਹਿਲੀ ਦੀ ਜਾਂਚ ਦਾ ਮੁਲਾਂਕਣ ਕਰਕੇ

ii. ਮੂਲਵਾਸੀ ਭਾਈਚਾਰਿਆਂ ਅਤੇ ਬਾਲ ਕਲਿਆਣ ਸੰਸਥਾਵਾਂ ਨੂੰ ਜਿੱਥੇ ਅਜਿਹਾ ਕਰਨਾ ਸੁਰੱਖਿਅਤ ਹੋਵੇ ਉਥੇ ਮੂਲਵਾਸੀ ਪਰਿਵਾਰਾਂ ਨੂੰ ਇਕੱਠੇ ਰੱਖਣ ਦੇ ਯੋਗ ਬਣਾਉਣ ਲਈ ਲੋੜੀਂਦੇ ਸਰੋਤ ਪ੍ਰਦਾਨ ਕਰਨਾ ਅਤੇ ਬੱਚਿਆਂ ਨੂੰ ਸੱਭਿਆਚਾਰਕ ਤੌਰ ’ਤੇ ਢੁਕਵੇਂ ਮਾਹੌਲ ਵਿੱਚ ਰੱਖਣਾ, ਭਾਵੇਂ ਉਹ ਕਿਤੇ ਵੀ ਰਹਿੰਦੇ ਹੋਣ।

iii. ਇਹ ਯਕੀਨੀ ਬਨਾਉਣਾ ਕਿ ਸਮਾਜ ਸੇਵੀ ਵਰਕਰ ਜਾਂ ਬਾਲ-ਕਲਿਆਣ ਜਾਂਚ ਪੜਤਾਲ ਕਰਨ ਵਾਲੇ ਹੋਰ ਵਿਅਕਤੀ ਚੰਗੀ ਤਰ੍ਹਾਂ ਸਿੱਖਿਅਤ ਹਨ ਅਤੇ ਉਨ੍ਹਾਂ ਨੂੰ ਰਿਹਾਇਸ਼ੀ ਸਕੂਲਾਂ ਦੇ ਇਤਿਹਾਸ ਅਤੇ ਇਨ੍ਹਾਂ ਦੇ ਅਸਰ ਬਾਰੇ ਸਿਖਲਾਈ ਦਿੱਤੀ ਗਈ ਹੈ।

iv. ਇਹ ਯਕੀਨੀ ਬਨਾਉਣਾ ਕਿ ਸਮਾਜ ਸੇਵੀ ਵਰਕਰ ਜਾਂ ਬਾਲ-ਕਲਿਆਣ ਜਾਂਚ ਪੜਤਾਲ ਕਰਨ ਵਾਲੇ ਹੋਰ ਵਿਅਕਤੀ ਚੰਗੀ ਤਰ੍ਹਾਂ ਸਿੱਖਿਅਤ ਹਨ ਅਤੇ ਉਨ੍ਹਾਂ ਨੂੰ ਮੂਲਵਾਸੀ ਭਾਈਚਾਰਿਆਂ ਅਤੇ ਪਰਿਵਾਰਾਂ ਲਈ ਪਰਿਵਾਰਕ ਤੌਰ ’ਤੇ ਦੁੱਖਾਂ ਵਿਚੋਂ ਉਭਰਨ ਲਈ ਵਧੇਰੇ ਉਚਿਤ ਹੱਲ ਪ੍ਰਦਾਨ ਕਰਨ ਦੀਆਂ ਸੰਭਾਵਨਾਵਾਂ ਬਾਰੇ ਸਿਖਲਾਈ ਦਿੱਤੀ ਗਈ ਹੈ।

v. ਲੋੜ ਹੈ ਕਿ ਬਾਲ-ਕਲਿਆਣ ਸੰਬੰਧੀ ਫੈਸਲੇ ਲੈਣ ਵਾਲੇ ਸਾਰੇ ਵਿਅਕਤੀ ਬੱਚਿਆਂ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਉੱਪਰ ਰਿਹਾਇਸ਼ੀ ਸਕੂਲਾਂ ਦੇ ਤਜ਼ਰਬਿਆਂ ਦੇ ਪ੍ਰਭਾਵ ’ਤੇ ਵਿਚਾਰ ਕਰਨ।

2. ਅਸੀਂ ਫੈਡਰਲ ਸਰਕਾਰ ਤੋਂ, ਸੂਬਿਆਂ ਅਤੇ ਖੇਤਰੀ ਸਰਕਾਰਾਂ ਦੇ ਸਹਿਯੋਗ ਨਾਲ, ਗੈਰ-ਮੂਲਵਾਸੀ ਬੱਚਿਆਂ ਦੇ ਮੁਕਾਬਲੇ, ਦੇਖਭਾਲ ਵਿੱਚ ਰਹਿਣ ਵਾਲੇ ਮੂਲਵਾਸੀ ਬੱਚਿਆਂ (ਫਸਟ ਨੇਸ਼ਨਜ਼, ਇਨੂਯਿਟ ਅਤੇ ਮੈਟਿਸ) ਦੀ ਸਲਾਨਾ ਰਿਪੋਰਟ ਤਿਆਰ ਕਰਨ ਅਤੇ ਪ੍ਰਕਾਸ਼ਿਤ ਕਰਨ ਦੀ ਮੰਗ ਕਰਦੇ ਹਾਂ, ਇਸ ਦੇ ਨਾਲ ਹੀ ਖਦਸ਼ੇ ਦੇ ਕਾਰਨ, ਬਾਲ-ਕਲਿਆਣ ਏਜੰਸੀਆਂ ਦੁਆਰਾ ਰੋਕਥਾਮ ਅਤੇ ਦੇਖਭਾਲ ਸੇਵਾਵਾਂ ਤੇ ਹੁੰਦੇ ਕੁੱਲ ਖ਼ਰਚੇ, ਅਤੇ ਵੱਖ-ਵੱਖ ਦਖਲਅੰਦਾਜ਼ੀ ਦੀ ਪ੍ਰਭਾਵਸ਼ੀਲਤਾ ਦੀ ਵੀ।

3. ਅਸੀਂ ਸਾਰੇ ਪੱਧਰਾਂ ਦੀਆਂ ਸਰਕਾਰਾਂ ਤੋਂ ਜੌਰਡਨ ਤੇ ਸਿਧਾਂਤ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਮੰਗ ਕਰਦੇ ਹਾਂ।

   *(ਜੌਰਡਨ ਦਾ ਸਿਧਾਂਤ: ਜੌਰਡਨ ਦਾ ਸਿਧਾਂਤ ਇਹ ਯਕੀਨੀ ਬਣਾਉਂਦਾ ਹੈ ਕਿ ਕੈਨੇਡਾ ਵਿੱਚ ਰਹਿ ਰਹੇ ਫਸਟ ਨੇਸ਼ਨ ਬੱਚੇ ਲੋੜੀਂਦੀਆਂ ਵਸਤਾਂ, ਸੇਵਾਵਾਂ ਅਤੇ ਮਦਦ ਤੱਕ ਪਹੁੰਚ ਕਰ ਸਕਦੇ ਹਨ, ਜਦੋਂ ਉਹਨਾਂ ਨੂੰ ਇਨ੍ਹਾਂ ਦੀ ਲੋੜ ਹੁੰਦੀ ਹੈ। ਜੌਰਡਨ ਦੇ ਸਿਧਾਂਤ ਦੀ ਸਥਾਪਨਾ ਫਸਟ ਨੇਸ਼ਨਜ਼ ਦੁਆਰਾ ਪੰਜ ਸਾਲ ਦੀ ਉਮਰ ਦੇ ਜੌਰਡਨ ਰਿਵਰ ਐਂਡਰਸਨ ਦੀ ਮੌਤ ਦੇ ਕਾਰਨ ਕੀਤੀ ਗਈ ਸੀ। ਨਾਰਵੇ ਹਾਊਸ ਕ੍ਰੀ ਨੇਸ਼ਨ ਦਾ ਇਹ ਬੱਚਾ ਕੈਰੇ ਫਾਈਨਮੈਨ ਜ਼ੀਟਰ ਸਿੰਡਰੋਮ ਤੋਂ ਪੀੜਤ ਸੀ। ਇਹ ਮਾਸਪੇਸ਼ੀਆਂ ਵਿੱਚ ਹੋਣ ਵਾਲਾ ਵਿਕਾਰ ਸੀ। ਜਿਸ ਲਈ ਉਸ ਨੂੰ ਵਿਨੀਪੈਗ ਹਸਪਤਾਲ ਵਿੱਚ ਕਈ ਸਾਲਾਂ ਦੇ ਡਾਕਟਰੀ ਇਲਾਜ ਦੀ ਲੋੜ ਸੀ।)*

4. ਅਸੀਂ ਫੈਡਰਲ ਸਰਕਾਰ ਤੋਂ ਆਦਿਵਾਸੀ ਬਾਲ-ਕਲਿਆਣ ਕਾਨੂੰਨ ਬਨਾਉਣ ਦੀ ਮੰਗ ਕਰਦੇ ਹਾਂ ਜੋ ਮੂਲਵਾਸੀ ਬੱਚਿਆਂ ਨੂੰ ਫ਼ੜਨ ਅਤੇ ਹਿਰਾਸਤ ਵਿੱਚ ਲੈਣ ਦੇ ਮਾਮਲਿਆ ਸੰਬੰਧੀ ਰਾਸ਼ਟਰੀ ਮਾਪਦੰਡ ਸਥਾਪਤ ਕਰਦਾ ਹੈ ਅਤੇ ਜਿਸ ਵਿੱਚ ਹੇਠ ਲਿਖੇ ਸਿਧਾਂਤ ਸ਼ਾਮਲ ਹਨ:

   i. ਆਦਿਵਾਸੀ ਸਰਕਾਰਾਂ ਦੇ ਆਪਣੀਆਂ ਬਾਲ-ਕਲਿਆਣ ਏਜੰਸੀਆਂ ਦੀ ਸਥਾਪਨਾ ਅਤੇ ਸਾਂਭ-ਸੰਭਾਲ ਕਰਨ ਦੇ ਅਧਿਕਾਰ ਦੀ ਪੁਸ਼ਟੀ ਕਰਨਾ।
   ii. ਸਾਰੀਆਂ ਬਾਲ-ਕਲਿਆਣ ਏਜੰਸੀਆਂ ਅਤੇ ਅਦਾਲਤਾਂ ਨੂੰ ਆਪਣੇ ਫੈਸਲੇ ਲੈਣ ਵਿੱਚ ਰਿਹਾਇਸ਼ੀ ਸਕੂਲਾਂ ਦੇ ਇਤਿਹਾਸ ਨੂੰ ਧਿਆਨ ਵਿੱਚ ਰੱਖਣ ਦੀ ਲੋੜ।
   iii. ਇੱਕ ਮਹੱਤਵਪੂਰਨ ਤਰਜੀਹ ਵੱਜੋਂ, ਇਸ ਲੋੜ ਨੂੰ ਸਥਾਪਤ ਕਰਨਾ ਕਿ ਅਸਥਾਈ ਅਤੇ ਸਥਾਈ ਦੇਖਭਾਲ ਵਿੱਚ ਮੂਲਵਾਸੀ ਬੱਚਿਆਂ ਨੂੰ ਭੇਜਣ ਦੀ ਵਿਵਸਥਾ ਸੱਭਿਆਚਾਰਕ ਤੌਰ ਤੇ ਉਚਿਤ ਹੋਵੇ।

5. ਅਸੀਂ ਫੈਡਰਲ, ਸੂਬਾਈ, ਖੇਤਰੀ, ਅਤੇ ਆਦਿਵਾਸੀ ਸਰਕਾਰਾਂ ਤੋਂ ਮੂਲਵਾਸੀ ਪਰਿਵਾਰਾਂ ਲਈ ਸੱਭਿਆਚਾਰਕ ਤੌਰ ’ਤੇ ਢੁਕਵੇਂ ਪਾਲਣ-ਪੋਸ਼ਣ ਪ੍ਰੋਗਰਾਮਾਂ ਨੂੰ ਵਿਕਸਤ ਕਰਨ ਦੀ ਮੰਗ ਕਰਦੇ ਹਾਂ।

## ਸਿੱਖਿਆ

6. ਅਸੀਂ ਕੈਨੇਡਾ ਸਰਕਾਰ ਤੋਂ ਕੈਨੇਡਾ ਦੇ ਅਪਰਾਧਿਕ ਕੋਡ ਦੀ ਧਾਰਾ 43 ਨੂੰ ਰੱਦ ਕਰਨ ਦੀ ਮੰਗ ਕਰਦੇ ਹਾਂ।

7. ਅਸੀਂ ਫੈਡਰਲ ਸਰਕਾਰ ਤੋਂ ਕੈਨੇਡਾ ਦੇ ਮੂਲਵਾਸੀ ਅਤੇ ਗੈਰ-ਮੂਲਵਾਸੀ ਨਾਗਰਿਕਾਂ ਵਿਚਕਾਰ ਵਿਦਿਅਕ ਅਤੇ ਰੁਜ਼ਗਾਰ ਦੇ ਪਾੜੇ ਨੂੰ ਖਤਮ ਕਰਨ ਲਈ ਮੂਲਵਾਸੀ ਸਮੂਹਾਂ ਨਾਲ ਇੱਕ ਸਾਂਝੀ ਰਣਨੀਤੀ ਵਿਕਸਿਤ ਕਰਨ ਦੀ ਮੰਗ ਕਰਦੇ ਹਾਂ।

8. ਅਸੀਂ ਫੈਡਰਲ ਸਰਕਾਰ ਤੋਂ ਰਿਜ਼ਰਵ ਤੇ ਸਿੱਖਿਆ ਪ੍ਰਾਪਤ ਕਰ ਰਹੇ ਫਸਟ ਨੇਸ਼ਨ ਦੇ ਬੱਚਿਆਂ ਅਤੇ ਰਿਜ਼ਰਵ ਤੋਂ ਬਾਹਰ ਸਿੱਖਿਆ ਪ੍ਰਾਪਤ ਕਰ ਰਹੇ ਫਸਟ ਨੇਸ਼ਨ ਦੇ ਬੱਚਿਆਂ ਲਈ ਫੈਡਰਲ ਸਿੱਖਿਆ ਫੰਡਿੰਗ ਵਿੱਚ ਫਰਕ ਨੂੰ ਖਤਮ ਕਰਨ ਦੀ ਮੰਗ ਕਰਦੇ ਹਾਂ।

9. ਅਸੀਂ ਫੈਡਰਲ ਸਰਕਾਰ ਤੋਂ ਰਿਜ਼ਰਵ ਉੱਪਰ ਅਤੇ ਰਿਜ਼ਰਵ ਤੋਂ ਬਾਹਰ ਫਸਟ ਨੇਸ਼ਨਜ਼ ਦੇ ਬੱਚਿਆਂ ਦੀ ਸਿੱਖਿਆ ਲਈ ਫੰਡਿੰਗ ਵਿਚਕਾਰ ਤੁਲਨਾ ਕਰਨ ਲਈ ਸਲਾਨਾ ਰਿਪੋਰਟ ਤਿਆਰ ਕਰਨ ਅਤੇ ਪ੍ਰਕਾਸ਼ਿਤ ਕਰਨ ਦੀ ਮੰਗ ਕਰਦੇ ਹਾਂ, ਅਤੇ ਨਾਲ ਹੀ ਕੈਨੇਡਾ ਵਿੱਚ ਗੈਰ-ਮੂਲਵਾਸੀ ਲੋਕਾਂ ਦੇ ਮੁਕਾਬਲੇ ਮੂਲਵਾਸੀ ਲੋਕਾਂ ਦੀਆਂ ਵਿਦਿਅਕ ਅਤੇ ਆਮਦਨ ਪ੍ਰਾਪਤੀਆਂ ਦੀ ਵੀ।

10. ਅਸੀਂ ਫੈਡਰਲ ਸਰਕਾਰ ਤੋਂ ਮੂਲਵਾਸੀ ਲੋਕਾਂ ਦੀ ਪੂਰੀ ਭਾਗੀਦਾਰੀ ਅਤੇ ਉਨ੍ਹਾਂ ਦੀ ਸੂਚਿਤ ਸਹਿਮਤੀ ਨਾਲ ਨਵੇਂ ਮੂਲਵਾਸੀ ਸਿੱਖਿਆ ਕਾਨੂੰਨ ਦਾ ਖਰੜਾ ਤਿਆਰ ਕਰਨ ਦੀ ਮੰਗ ਕਰਦੇ ਹਾਂ। ਨਵੇਂ ਕਾਨੂੰਨ ਵਿੱਚ ਲੋੜੀਂਦੀ ਫੰਡਿੰਗ ਲਈ ਵਚਨਬੱਧਤਾ ਅਤੇ ਹੇਠਾਂ ਦਿੱਤੇ ਸਿਧਾਂਤ ਸ਼ਾਮਲ ਹੋਣਗੇ:

i. ਇੱਕ ਪੀੜ੍ਹੀ ਦੇ ਅੰਦਰ ਪਹਿਚਾਣ ਕੀਤੀਆਂ ਗਈਆਂ ਵਿਦਿਅਕ ਪ੍ਰਾਪਤੀਆਂ ਦੇ ਅੰਤਰ ਨੂੰ ਖਤਮ ਕਰਨ ਲਈ ਲੋੜੀਂਦੇ ਫੰਡ ਪ੍ਰਦਾਨ ਕਰਨਾ।
ii. ਸਿੱਖਿਆ ਪ੍ਰਾਪਤੀ ਦੇ ਪੱਧਰ ਅਤੇ ਸਫਲਤਾ ਦਰਾਂ ਵਿੱਚ ਸੁਧਾਰ ਕਰਨਾ।
iii. ਸੱਭਿਆਚਾਰਕ ਤੌਰ ਤੇ ਢੁਕਵੇਂ ਪਾਠਕ੍ਰਮ ਨੂੰ ਤਿਆਰ ਕਰਨਾ।
iv. ਮੂਲਵਾਸੀ ਭਾਸ਼ਾਵਾਂ ਦੇ ਅਧਿਕਾਰ ਦੀ ਰੱਖਿਆ ਕਰਨਾ, ਜਿਸ ਵਿੱਚ ਮੂਲਵਾਸੀ ਭਾਸ਼ਾਵਾਂ ਨੂੰ ਕ੍ਰੈਡਿਟ ਕੋਰਸਾਂ ਵਜੋਂ ਪੜ੍ਹਾਉਣਾ ਸ਼ਾਮਲ ਹੈ।
v. ਮਾਪਿਆਂ ਅਤੇ ਭਾਈਚਾਰੇ ਦੀ ਜ਼ਿੰਮੇਵਾਰੀ, ਨਿਯੰਤਰਣ ਅਤੇ ਜਵਾਬਦੇਹੀ ਨੂੰ ਉਸੇ ਤਰ੍ਹਾਂ ਸਮਰੱਥ ਬਣਾਉਣਾ ਜਿਸ ਤਰ੍ਹਾਂ ਮਾਪੇ ਪਬਲਿਕ ਸਕੂਲ ਪ੍ਰਣਾਲੀਆਂ ਵਿੱਚ ਮਾਣਦੇ ਹਨ।

vi. ਮਾਪਿਆਂ ਨੂੰ ਆਪਣੇ ਬੱਚਿਆਂ ਦੀ ਸਿੱਖਿਆ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਦੇ ਯੋਗ ਬਣਾਉਣਾ।
vii. ਸੰਧੀ ਦੇ ਸਬੰਧਾਂ ਦਾ ਆਦਰ ਅਤੇ ਸਨਮਾਨ ਕਰਨਾ।

11. ਅਸੀਂ ਫੈਡਰਲ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਪੋਸਟ-ਸੈਕੰਡਰੀ ਸਿੱਖਿਆ ਦੇ ਚਾਹਵਾਨ ਫਸਟ ਨੇਸ਼ਨਜ਼ ਦੇ ਵਿਦਿਆਰਥੀਆਂ ਦੇ ਬੈਕਲਾਗ ਨੂੰ ਖਤਮ ਕਰਨ ਲਈ ਢੁਕਵੇਂ ਫੰਡ ਮੁਹੱਈਆ ਕਰਵਾਏ ਜਾਣ।

12. ਅਸੀਂ ਫੈਡਰਲ, ਸੂਬਾ, ਖੇਤਰੀ, ਅਤੇ ਆਦਿਵਾਸੀ ਸਰਕਾਰਾਂ ਤੋਂ ਮੂਲਵਾਸੀ ਪਰਿਵਾਰਾਂ ਲਈ ਸੱਭਿਆਚਾਰਕ ਤੌਰ 'ਤੇ ਢੁੱਕਵੇਂ ਸ਼ੁਰੂਆਤੀ ਬਾਲ ਸਿੱਖਿਆ ਪ੍ਰੋਗਰਾਮਾਂ ਨੂੰ ਵਿਕਸਤ ਕਰਨ ਦੀ ਮੰਗ ਕਰਦੇ ਹਾਂ।

## ਭਾਸ਼ਾ ਅਤੇ ਸੱਭਿਆਚਾਰ

13. ਅਸੀਂ ਫੈਡਰਲ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਹ ਇਹ ਸਵਿਕਾਰ ਕਰੇ ਕਿ ਮੂਲਵਾਸੀ ਅਧਿਕਾਰਾਂ ਵਿੱਚ ਮੂਲਵਾਸੀ ਭਾਸ਼ਾ ਦੇ ਅਧਿਕਾਰ ਸ਼ਾਮਲ ਹਨ।

14. ਅਸੀਂ ਫੈਡਰਲ ਸਰਕਾਰ ਤੋਂ ਮੂਲਵਾਸੀ ਭਾਸ਼ਾ ਐਕਟ ਬਨਾਉਣ ਦੀ ਮੰਗ ਕਰਦੇ ਹਾਂ ਜਿਸ ਵਿੱਚ ਹੇਠ ਲਿਖੇ ਸਿਧਾਂਤ ਸ਼ਾਮਲ ਹੋਣ:
i. ਮੂਲਵਾਸੀ ਭਾਸ਼ਾਵਾਂ ਕੈਨੇਡਾ ਦੇ ਸੱਭਿਆਚਾਰ ਅਤੇ ਸਮਾਜ ਦਾ ਇਕ ਬੁਨਿਆਦੀ ਅਤੇ ਕੀਮਤੀ ਤੱਤ ਹਨ, ਅਤੇ ਇਨ੍ਹਾਂ ਨੂੰ ਸੁਰੱਖਿਅਤ ਰੱਖਣ ਦੀ ਤੁਰੰਤ ਲੋੜ ਹੈ।
ii. ਮੂਲਵਾਸੀ ਭਾਸ਼ਾ ਦੇ ਅਧਿਕਾਰਾਂ ਨੂੰ ਸੰਧੀ ਸਮਝੋਤਿਆਂ ਦੁਆਰਾ ਮਜਬੂਤ ਕੀਤਾ ਗਿਆ ਹੈ।
iii. ਫੈਡਰਲ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਮੂਲ ਭਾਸ਼ਾ ਨੂੰ ਮੁੜ ਸੁਰਜੀਤ ਕਰਨ ਲਈ ਅਤੇ ਉਸ ਦੀ ਸੰਭਾਲ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਏ।
iv. ਮੂਲਵਾਸੀ ਭਾਸ਼ਾਵਾਂ ਅਤੇ ਸੱਭਿਆਚਾਰਾਂ ਦੀ ਸੰਭਾਲ, ਇਨ੍ਹਾਂ ਨੂੰ ਮੁੜ ਸੁਰਜੀਤ ਕਰਨ ਅਤੇ ਇਨ੍ਹਾਂ ਦੀ ਮਜਬੂਤੀ ਦਾ ਸਭ ਤੋਂ ਵਧੀਆਂ ਪ੍ਰਬੰਧ ਮੂਲਵਾਸੀ ਲੋਕਾਂ ਅਤੇ ਭਾਈਚਾਰਿਆਂ ਦੁਆਰਾ ਹੀ ਕੀਤਾ ਜਾਂਦਾ ਹੈ।
v. ਮੂਲਵਾਸੀ ਭਾਸ਼ਾ ਦੀਆਂ ਪਹਿਲਕਦਮੀਆਂ ਲਈ ਫੰਡਿੰਗ ਮੂਲਵਾਸੀ ਭਾਸ਼ਾਵਾਂ ਦੀ ਵਿਭਿੰਨਤਾ ਨੂੰ ਦਰਸਾਉਂਦੀ ਹੋਣੀ ਚਾਹੀਦੀ ਹੈ।

15. ਅਸੀਂ ਫੈਡਰਲ ਸਰਕਾਰ ਤੋਂ ਮੂਲਵਾਸੀ ਸਮੂਹਾਂ ਨਾਲ ਸਲਾਹ ਮਸ਼ਵਰਾ ਕਰਕੇ ਮੂਲਵਾਸੀ ਭਾਸ਼ਾਵਾਂ ਦਾ ਇਕ ਕਮਿਸ਼ਨ ਨਿਯੁਕਤ ਕਰਨ ਦੀ ਮੰਗ ਕਰਦੇ ਹਾਂ। ਕਮਿਸ਼ਨ ਨੂੰ ਮੂਲਵਾਸੀ ਭਾਸ਼ਾਵਾਂ ਨੂੰ ਉਤਸ਼ਾਹਤ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ ਅਤੇ ਮੂਲਵਾਸੀ ਭਾਸ਼ਾਵਾਂ ਦੀ ਪਹਿਲਕਦਮੀ ਸੰਬੰਧੀ ਫੈਡਰਲ ਫੰਡਿੰਗ ਦੀ ਯੋਗਤਾ ਬਾਰੇ ਰਿਪੋਰਟ ਕਰਨੀ ਚਾਹੀਦੀ ਹੈ।

16. ਅਸੀਂ ਪੋਸਟ-ਸੈਕੰਡਰੀ ਸੰਸਥਾਵਾਂ ਤੋਂ ਮੂਲਵਾਸੀ ਭਾਸ਼ਾਵਾਂ ਵਿੱਚ ਯੂਨੀਵਰਸਿਟੀ ਅਤੇ ਕਾਲਜ ਡਿਗਰੀ ਅਤੇ ਡਿਪਲੋਮਾ ਪ੍ਰੋਗਰਾਮ ਤਿਆਰ ਕਰਨ ਦੀ ਮੰਗ ਕਰਦੇ ਹਾਂ।

17. ਅਸੀਂ ਸਾਰੇ ਪੱਧਰ ਦੀਆਂ ਸਰਕਾਰਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਰਿਹਾਇਸ਼ੀ ਸਕੂਲਾਂ ਦਾ ਦੁਖ ਹੰਢਾਉਣ ਵਾਲਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਾਮ ਬਦਲਣ ਦੀ ਪ੍ਰਕਿਰਿਆ ਅਤੇ ਪਹਿਚਾਣ ਦੇ ਅਧਿਕਾਰਤ ਦਸਤਾਵੇਜ਼ਾਂ ਜਿਵੇਂ ਕਿ ਜਨਮ ਦਾ ਸਰਟੀਫਿਕੇਟ, ਪਾਸਪੋਰਟ, ਡਰਾਈਵਰ ਲਾਇਸੇਂਸ, ਹੈਲਥ ਕਾਰਡ, ਸਟੇਟਸ ਕਾਰਡ ਅਤੇ ਸੋਸ਼ਲ ਇਨਸ਼ੋਰੈਂਸ ਨੰਬਰ ਵਰਗੇ ਦਸਤਾਵੇਜ਼ਾਂ ਦੇ ਸੰਸ਼ੋਧਨ ਲਈ ਪੰਜ ਸਾਲਾਂ ਦੀ ਮਿਆਦ ਲਈ ਪ੍ਰਬੰਧਕੀ ਖਰਚਿਆਂ ਨੂੰ ਮਾਫ ਕਰਕੇ ਰਿਹਾਇਸ਼ੀ ਸਕੂਲ ਸਿਸਟਮ ਦੁਆਰਾ ਬਦਲੇ ਗਏ ਨਾਵਾਂ ਦਾ ਮੁੜ ਦਾਅਵਾ ਕਰਨ ਦੇ ਯੋਗ ਬਨਾਉਣ।

## ਸਿਹਤ

18. ਅਸੀਂ ਫੈਡਰਲ, ਸੂਬਾ, ਖੇਤਰੀ ਅਤੇ ਆਦਿਵਾਸੀ ਸਰਕਾਰਾਂ ਨੂੰ ਇਹ ਸਵਿਕਾਰ ਕਰਨ ਦੀ ਮੰਗ ਕਰਦੇ ਹਾਂ ਕਿ ਕੈਨੇਡਾ ਵਿੱਚ ਮੂਲਵਾਸੀ ਸਿਹਤ ਦੀ ਮੌਜੂਦਾ ਸਥਿਤੀ ਰਿਹਾਇਸ਼ੀ ਸਕੂਲਾਂ ਸਮੇਤ ਕੈਨੇਡਾ ਦੀਆਂ ਪਿਛਲੀਆਂ ਸਰਕਾਰਾਂ ਦੀਆਂ ਨੀਤੀਆਂ ਦਾ ਸਿੱਧਾ ਨਤੀਜਾ ਹੈ ਅਤੇ ਅੰਤਰਰਾਸ਼ਟਰੀ ਕਾਨੂੰਨ, ਸੰਵਿਧਾਨਕ ਕਾਨੂੰਨ, ਅਤੇ ਸੰਧੀਆਂ ਦੇ ਅਧੀਨ ਪਹਿਚਾਣੇ ਗਏ ਮੂਲਵਾਸੀ ਲੋਕਾਂ ਦੇ ਸਿਹਤ ਸੰਭਾਲ ਦੇ ਅਧਿਕਾਰਾਂ ਨੂੰ ਮਾਨਤਾ ਦਿਓ ਅਤੇ ਲਾਗੂ ਕਰੋ।

19. ਅਸੀਂ ਫੈਡਰਲ ਸਰਕਾਰ ਨੂੰ ਮੂਲਵਾਸੀ ਲੋਕਾਂ ਨਾਲ ਸਲਾਹ-ਮਸ਼ਵਰਾ ਕਰਕੇ, ਮੂਲਵਾਸੀ ਅਤੇ ਗੈਰ-ਮੂਲਵਾਸੀ ਭਾਈਚਾਰਿਆਂ ਵਿਚਕਾਰ ਸਿਹਤ ਸੰਭਾਲ ਦੇ ਫਾਸਲੇ ਦੀ ਪਹਿਚਾਣ ਕਰਨ ਅਤੇ ਇਸ ਨੂੰ ਬੰਦ ਕਰਨ ਲਈ, ਅਤੇ ਇਸ ਸੰਬੰਧੀ ਸਾਲਾਨਾ ਪ੍ਰਗਤੀ ਦੀਆਂ ਰਿਪੋਰਟਾਂ ਪ੍ਰਕਾਸ਼ਿਤ ਕਰਨ ਅਤੇ ਲੰਬੇ ਸਮੇਂ ਦੇ ਰੁਝਾਨਾਂ ਦਾ ਮੁਲਾਂਕਣ ਕਰਨ ਲਈ ਮਾਪਣਯੋਗ ਟੀਚਿਆਂ ਨੂੰ ਸਥਾਪਤ ਕਰਨ ਦੀ ਮੰਗ ਕਰਦੇ ਹਾਂ। ਅਜਿਹੇ ਯਤਨ ਬਾਲਾਂ ਦੀ ਮੌਤ ਦਰ, ਮਾਵਾਂ ਦੀ ਸਿਹਤ, ਖੁਦਕੁਸ਼ੀ, ਮਾਨਸਿਕ ਸਿਹਤ, ਨਸ਼ੇ, ਸੰਭਾਵੀ ਜੀਵਨ ਕਾਲ, ਜਨਮ ਦਰ, ਬਾਲ ਅਤੇ ਬੱਚਿਆਂ ਦੀ ਸਿਹਤ ਦੇ ਮੁੱਦੇ, ਪੁਰਾਣੀਆਂ ਬਿਮਾਰੀਆਂ, ਬਿਮਾਰੀ ਅਤੇ ਸੱਟ ਦੀਆਂ ਘਟਨਾਵਾਂ, ਅਤੇ ਢੁਕਵੀਂਆਂ ਸਿਹਤ ਸੇਵਾਵਾਂ ਦੀ ਉਪਲਬਧਤਾ ਵਰਗੇ ਸੂਚਕਾਂ ਤੇ ਕੇਂਦਰਿਤ ਹੋਣਗੇ।

20. ਜਿਹੜੇ ਮੂਲਵਾਸੀ ਲੋਕ ਰਿਜ਼ਰਵ ਤੇ ਨਹੀਂ ਰਹਿੰਦੇ ਉਨ੍ਹਾਂ ਦੇ ਅਧਿਕਾਰ ਖੇਤਰ ਦੇ ਵਿਵਾਦਾਂ ਨੂੰ ਹੱਲ ਕਰਨ ਲਈ, ਅਸੀਂ ਫੈਡਰਲ ਸਰਕਾਰ ਤੋਂ ਮੈਟਿਸ, ਇਨੂਯਿਟ, ਅਤੇ ਰਿਜ਼ਰਵ ਤੇ ਨਾ ਰਹਿਣ ਵਾਲੇ ਮੂਲਵਾਸੀ

ਲੋਕਾਂ ਦੀਆਂ ਵੱਖੋ-ਵੱਖਰੀਆਂ ਸਿਹਤ ਲੋੜਾਂ ਨੂੰ ਪਹਿਚਾਨਣ, ਉਨ੍ਹਾਂ ਦਾ ਸਨਮਾਨ ਕਰਨ ਅਤੇ ਉਨ੍ਹਾਂ ਨੂੰ ਹੱਲ ਕਰਨ ਦੀ ਮੰਗ ਕਰਦੇ ਹਾਂ।

21. ਅਸੀਂ ਫੈਡਰਲ ਸਰਕਾਰ ਨੂੰ ਰਿਹਾਇਸ਼ੀ ਸਕੂਲਾਂ ਦੁਆਰਾ ਕੀਤੇ ਗਏ ਸ਼ਰੀਰਕ, ਮਾਨਸਿਕ, ਭਾਵਨਾਤਮਕ, ਅਤੇ ਅਧਿਆਤਮਿਕ ਨੁਕਸਾਨਾਂ ਨੂੰ ਹੱਲ ਕਰਨ ਲਈ ਮੌਜੂਦਾ ਅਤੇ ਨਵੇਂ ਮੂਲਵਾਸੀ ਇਲਾਜ ਕੇਂਦਰਾਂ ਲਈ ਸਥਾਈ ਫੰਡ ਮੁਹੱਈਆ ਕਰਵਾਉਣ ਲਈ ਸੱਦਾ ਦਿੰਦੇ ਹਾਂ, ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਨੂਨਾਵਤ ਅਤੇ ਉੱਤਰੀ ਪੱਛਮੀ ਖੇਤਰਾਂ ਵਿੱਚ ਇਲਾਜ ਕੇਂਦਰਾਂ ਲਈ ਫੰਡਿੰਗ ਇਕ ਤਰਜੀਹ ਹੈ।

22. ਜਿਹੜੇ ਲੋਕ ਕੈਨੇਡਾ ਦੀ ਸਿਹਤ-ਸੰਭਾਲ ਪ੍ਰਣਾਲੀ ਅੰਦਰ ਤਬਦੀਲੀ ਨੂੰ ਪ੍ਰਭਾਵਤ ਕਰ ਸਕਦੇ ਹਨ ਅਸੀਂ ਉਹਨਾਂ ਲੋਕਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਆਦਿਵਾਸੀ ਇਲਾਜ ਅਭਿਆਸਾਂ ਦੇ ਮੁੱਲ ਨੂੰ ਪਹਿਚਾਣਦੇ ਹੋਏ ਇਨ੍ਹਾਂ ਨੂੰ ਮੂਲਵਾਸੀ ਮਰੀਜ਼ਾਂ ਵੱਲੋਂ ਬੇਨਤੀ ਕੀਤੇ ਜਾਣ ਤੇ ਆਦਿਵਾਸੀ ਵੈਦਾਂ (healers) ਅਤੇ ਬਜ਼ੁਰਗਾਂ ਦੇ ਸਹਿਯੋਗ ਨਾਲ ਇਸ ਨੂੰ ਇਲਾਜ ਲਈ ਵਰਤਣ।

23. ਅਸੀਂ ਸਾਰੇ ਪੱਧਰਾਂ ਦੀਆਂ ਸਰਕਾਰਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ:

i. ਸਿਹਤ-ਸੰਭਾਲ ਖੇਤਰ ਵਿੱਚ ਕੰਮ ਕਰਨ ਵਾਲੇ ਮੂਲਵਾਸੀ ਪੇਸ਼ੇਵਰਾਂ ਦੀ ਗਿਣਤੀ ਵਧਾਉਣ।
ii. ਮੂਲਵਾਸੀ ਭਾਈਚਾਰਿਆਂ ਅੰਦਰ ਮੂਲਵਾਸੀ ਸਿਹਤ-ਸੰਭਾਲ ਮੁਹੱਈਆ ਕਰਵਾਉਣ ਵਾਲਿਆਂ ਨੂੰ ਬਰਕਰਾਰ ਰੱਖਣਾ ਯਕੀਨੀ ਬਨਾਉਣ।
iii. ਸਾਰੇ ਸਿਹਤ ਸੰਭਾਲ ਪੇਸ਼ੇਵਰਾਂ ਲਈ ਸੱਭਿਆਚਾਰਕ ਯੋਗਤਾ ਸਿਖਲਾਈ ਪ੍ਰਦਾਨ ਕਰਨ।

24. ਅਸੀਂ ਕੈਨੇਡਾ ਦੇ ਮੈਡੀਕਲ ਅਤੇ ਨਰਸਿੰਗ ਸਕੂਲਾਂ ਤੋਂ ਇਹ ਮੰਗ ਕਰਦੇ ਹਾਂ ਕਿ ਉਹ ਸਾਰੇ ਵਿਦਿਆਰਥੀਆਂ ਨੂੰ ਮੂਲਵਾਸੀ ਸਿਹਤ ਦੇ ਮੁੱਦਿਆਂ, ਜਿਸ ਵਿੱਚ ਰਿਹਾਇਸ਼ੀ ਸਕੂਲਾਂ ਦਾ ਇਤਿਹਾਸ ਅਤੇ ਇਸ ਪੁਰਾਣੇ ਸਿਸਟਮ ਦੇ ਪ੍ਰਭਾਵ, *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੀ ਘੋਸ਼ਣਾ,* ਸੰਧੀਆਂ ਅਤੇ ਮੂਲਵਾਸੀ ਅਧਿਕਾਰਾਂ, ਅਤੇ ਮੂਲਵਾਸੀ ਸਿੱਖਿਆ ਅਤੇ ਅਭਿਆਸਾਂ ਬਾਰੇ ਇੱਕ ਕੋਰਸ ਲੈਣਾ ਜਰੂਰੀ ਕਰਨ।

## ਇਨਸਾਫ਼

25. ਅਸੀਂ ਫੈਡਰਲ ਸਰਕਾਰ ਤੋਂ ਇੱਕ ਲਿਖਤੀ ਨੀਤੀ ਸਥਾਪਤ ਕਰਨ ਦੀ ਮੰਗ ਕਰਦੇ ਹਾਂ ਜੋ ਉਨ੍ਹਾਂ ਅਪਰਾਧਾਂ ਦੀ ਜਾਂਚ ਲਈ ਰਾਇਲ ਕੈਨੇਡੀਅਨ ਮਾਉਂਟਡ ਪੁਲਿਸ ਦੀ ਸੁਤੰਤਰਤਾ ਦੀ ਪੁਸ਼ਟੀ ਕਰੇ ਜਿਸ ਵਿੱਚ ਸਿਵਲ ਮੁਕੱਦਮੇ ਵਿੱਚ ਇੱਕ ਸੰਭਾਵੀ ਜਾਂ ਅਸਲ ਧਿਰ ਵਜੋਂ ਸਰਕਾਰ ਦੀ ਆਪਣੀ ਦਿਲਚਸਪੀ ਹੈ।

26. ਅਸੀਂ ਫੈਡਰਲ, ਸੂਬਾ, ਅਤੇ ਖੇਤਰੀ ਸਰਕਾਰਾਂ ਤੋਂ ਆਪੋ ਆਪਣੀਆਂ ਸੀਮਾਵਾਂ ਦੇ ਕਾਨੂੰਨਾਂ ਦੀ ਸਮੀਖਿਆ ਅਤੇ ਸੋਧ ਕਰਨ ਦੀ ਮੰਗ ਕਰਦੇ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਇਸ ਸਿਧਾਂਤ ਦੀ ਪਾਲਣਾ ਕਰਦੇ ਹਨ ਕਿ ਮੂਲਵਾਸੀ ਲੋਕਾਂ ਦੁਆਰਾ ਲਿਆਂਦੀਆਂ ਗਈਆਂ ਇਤਿਹਾਸਕ ਦੁਰਵਿਵਹਾਰ ਦੀਆਂ ਕਾਨੂੰਨੀ ਕਾਰਵਾਈਆਂ ਦਾ ਬਚਾਵ ਕਰਨ ਲਈ ਸਰਕਾਰਾਂ ਅਤੇ ਹੋਰ ਸੰਸਥਾਵਾਂ ਲਿਮੀਟੇਸ਼ਨ ਡਿਫੈਂਸ (limitation defence) ਉੱਪਰ ਭਰੋਸਾ ਨਹੀਂ ਕਰ ਸਕਦੀਆਂ।

*(ਲਿਮੀਟੇਸ਼ਨ ਡਿਫੈਂਸ ਕਿਸੇ ਕਾਨੂੰਨੀ ਦਾਅਵੇ ਲਈ ਇੱਕ ਸੰਭਾਵੀ ਬਚਾਅ ਹੈ, ਇਸ ਅਧਾਰ ਉੱਪਰ ਕਿ ਦਾਅਵਾ ਸਮੇਂ ਸਿਰ ਨਹੀਂ ਲਿਆਂਦਾ ਗਿਆ ਹੈ।)*

27. ਅਸੀਂ ਕੈਨੇਡਾ ਦੀ ਫੈਡਰੇਸ਼ਨ ਆਫ਼ ਲਾਅ ਸੋਸਾਇਟੀਜ਼ ਤੋਂ ਇਹ ਯਕੀਨੀ ਬਣਾਉਣ ਦੀ ਮੰਗ ਕਰਦੇ ਹਾਂ ਕਿ ਵਕੀਲਾਂ ਨੂੰ ਢੁਕਵੀਂ ਸੱਭਿਆਚਾਰਕ ਯੋਗਤਾ ਸਿਖਲਾਈ ਪ੍ਰਾਪਤ ਹੋਵੇ, ਜਿਸ ਵਿੱਚ ਰਿਹਾਇਸ਼ੀ ਸਕੂਲਾਂ ਦਾ ਇਤਿਹਾਸ ਅਤੇ ਇਸ ਪੁਰਾਣੇ ਸਿਸਟਮ ਦੇ ਪ੍ਰਭਾਵ (ਵਿਰਾਸਤ), *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੀ ਘੋਸ਼ਣਾ*, ਸੰਧੀਆਂ ਅਤੇ ਮੂਲਵਾਸੀ ਅਧਿਕਾਰਾਂ, ਮੂਲਵਾਸੀ ਕਾਨੂੰਨ, ਅਤੇ ਮੂਲਵਾਸੀ ਤੇ ਰਾਜ (ਕ੍ਰਾਊਨ) ਦੇ ਸੰਬੰਧ ਸ਼ਾਮਲ ਹਨ। ਇਸ ਦੇ ਲਈ ਅੰਤਰ-ਸੱਭਿਆਚਾਰਕ ਯੋਗਤਾ, ਟਕਰਾਵ ਦੇ ਹੱਲ, ਮਨੁੱਖੀ ਅਧਿਕਾਰ ਅਤੇ ਨਸਲਵਾਦ-ਵਿਰੁੱਧ ਹੁਨਰ-ਅਧਾਰਤ ਸਿਖਲਾਈ ਦੀ ਲੋੜ ਹੋਵੇਗੀ।

28. ਅਸੀਂ ਕੈਨੇਡਾ ਦੇ ਲਾਅ ਸਕੂਲਾਂ ਤੋਂ ਕਾਨੂੰਨ ਦੇ ਸਾਰੇ ਵਿਦਿਆਰਥੀਆਂ ਨੂੰ ਮੂਲਵਾਸੀ ਲੋਕਾਂ ਅਤੇ ਕਾਨੂੰਨ ਵਿੱਚ ਕੋਰਸ ਲੈਣ ਦੀ ਮੰਗ ਕਰਦੇ ਹਾਂ, ਜਿਸ ਵਿੱਚ ਰਿਹਾਇਸ਼ੀ ਸਕੂਲਾਂ ਦਾ ਇਤਿਹਾਸ ਅਤੇ ਇਸ ਪੁਰਾਣੇ ਸਿਸਟਮ ਦੇ ਪ੍ਰਭਾਵ, *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੀ ਘੋਸ਼ਣਾ*, ਸੰਧੀਆਂ ਅਤੇ ਮੂਲਵਾਸੀ ਅਧਿਕਾਰਾਂ, ਮੂਲਵਾਸੀ ਕਾਨੂੰਨ, ਅਤੇ ਮੂਲਵਾਸੀ ਤੇ ਰਾਜ (ਕ੍ਰਾਊਨ) ਦੇ ਸੰਬੰਧ ਸ਼ਾਮਲ ਹਨ। ਇਸ ਦੇ ਲਈ ਅੰਤਰ-ਸੱਭਿਆਚਾਰਕ ਯੋਗਤਾ, ਟਕਰਾਵ ਦੇ ਹੱਲ, ਮਨੁੱਖੀ ਅਧਿਕਾਰ ਅਤੇ ਨਸਲਵਾਦ-ਵਿਰੁੱਧ ਹੁਨਰ-ਅਧਾਰਤ ਸਿਖਲਾਈ ਦੀ ਲੋੜ ਹੋਵੇਗੀ।

29. ਅਸੀਂ ਪਾਰਟੀਆਂ ਅਤੇ ਖ਼ਾਸ ਤੌਰ ਤੇ ਫੈਡਰਲ ਸਰਕਾਰ ਤੋਂ ਇੰਡਿਅਨ ਰੈਸ਼ੀਡੈਂਸ਼ੀਅਲ ਸਕੂਲਾਂ ਦੇ ਸੈਟਲਮੈਂਟ ਸਮਝੌਤੇ ਵਿੱਚ ਸ਼ਾਮਲ ਨਾ ਕੀਤੇ ਗਏ ਮੁਦਈ (Plaintiffs) ਦੇ ਨਾਲ ਸਹਿਯੋਗੀ ਦੇ ਤੌਰ ’ਤੇ ਕੰਮ ਕਰਨ ਦੀ ਮੰਗ ਕਰਦੇ ਹਾਂ ਤਾਂ ਜੋ ਵਿਵਾਦਿਤ ਕਾਨੂੰਨੀ ਮੁੱਦਿਆਂ ਨੂੰ ਤੱਥਾਂ ਦੇ ਇੱਕ ਸਹਿਮਤ ਸੈਟ ਨਾਲ ਤੇਜ਼ੀ ਨਾਲ ਨਿਪਟਾਇਆ ਜਾ ਸਕੇ।

30. ਅਸੀਂ ਫੈਡਰਲ, ਸੂਬਾ ਅਤੇ ਖੇਤਰੀ ਸਰਕਾਰਾਂ ਤੋਂ ਮੰਗ ਕਰਦੇ ਹਾਂ ਕਿ ਉਹ ਹਿਰਾਸਤ ਵਿੱਚ ਮੂਲਵਾਸੀ ਲੋਕਾਂ ਦੀ ਵੱਧ ਨੁਮਾਇੰਦਗੀ ਨੂੰ ਅਗਲੇ ਦਹਾਕੇ ਵਿੱਚ ਖਤਮ ਕਰਨ ਦਾ ਵਚਨ ਦੇਣ, ਅਤੇ ਅਜਿਹਾ ਕਰਨ ਵਿੱਚ ਹੋਈ ਪ੍ਰਗਤੀ ਦੀ ਨਿਗਰਾਨੀ ਅਤੇ ਮੁਲਾਂਕਣ ਕਰਨ ਵਾਲੀਆਂ ਵੇਰਵੇ ਭਰੀਆ ਸਾਲਾਨਾ ਰਿਪੋਰਟਾਂ ਜਾਰੀ ਕਰਨ ਦੀ ਮੰਗ ਕਰਦੇ ਹਾਂ।

31. ਅਸੀਂ ਫੈਡਰਲ, ਸੂਬਾ, ਅਤੇ ਖੇਤਰੀ ਸਰਕਾਰਾਂ ਤੋਂ ਕਮਿਊਨਿਟੀ ਦੀਆਂ ਪਾਬੰਦੀਆਂ ਨੂੰ ਲਾਗੂ ਕਰਨ ਅਤੇ ਇਸ ਦਾ ਮੁਲਾਂਕਣ ਕਰਨ ਲਈ ਲੋੜੀਂਦੇ ਅਤੇ ਸਥਿਰ ਫੰਡ ਪ੍ਰਦਾਨ ਕਰਨ ਦੀ ਮੰਗ ਕਰਦੇ ਹਾਂ ਜੋ ਮੂਲਵਾਸੀ ਅਪਰਾਧੀਆਂ ਲਈ ਕੈਦ ਦੇ ਯਥਾਰਵਾਦੀ ਵਿਕਲਪ ਪ੍ਰਦਾਨ ਕਰਨਗੇ ਅਤੇ ਅਪਰਾਧ ਦੇ ਮੂਲ ਕਾਰਨਾਂ ਤੇ ਕੰਮ ਕਰਨਗੇ।

32. ਅਸੀਂ ਫੈਡਰਲ ਸਰਕਾਰ ਤੋਂ ਕ੍ਰਿਮੀਨਲ ਕੋਡ ਵਿੱਚ ਸੋਧ ਕਰਨ ਦੀ ਮੰਗ ਕਰਦੇ ਹਾਂ ਤਾਂਕਿ ਮੁਕੱਦਮੇ ਦੇ ਜੱਜਾਂ ਨੂੰ ਕਾਰਨ ਦੱਸਣ ਤੇ, ਲਾਜ਼ਮੀ ਘੱਟੋ-ਘੱਟ ਸਜ਼ਾਵਾਂ ਅਤੇ ਸ਼ਰਤੀਆ ਸਜ਼ਾਵਾਂ ਦੀ ਵਰਤੋਂ ਉੱਪਰ ਪਾਬੰਦੀਆਂ ਤੋਂ ਛੂਟ ਮਿਲ ਸਕੇ।

33. ਅਸੀਂ ਫੈਡਰਲ, ਸੂਬਾ ਅਤੇ ਖੇਤਰੀ ਸਰਕਾਰਾਂ ਨੂੰ ਫੀਟਲ ਅਲਕੋਹਲ ਸਪੈਕਟ੍ਰਮ ਡਿਸਆਰਡਰ (FASD) ਨੂੰ ਸੰਬੋਧਨ ਕਰਨ ਅਤੇ ਇਸ ਨੂੰ ਰੋਕਣ ਦੀ ਲੋੜ ਨੂੰ ਉੱਚ ਤਰਜੀਹ ਵੱਜੋਂ ਪਹਿਚਾਨਣ ਅਤੇ ਮੂਲਵਾਸੀ ਲੋਕਾਂ ਦੇ ਸਹਿਯੋਗ ਨਾਲ FASD ਰੋਕਥਾਮ ਪ੍ਰੋਗਰਾਮਾਂ ਨੂੰ ਵਿਕਸਿਤ ਕਰਨ ਦੀ ਮੰਗ ਕਰਦੇ ਹਾਂ ਜੋ ਕਿ ਸੱਭਿਆਚਾਰਕ ਤੌਰ ’ਤੇ ਢੁਕਵੇਂ ਢੰਗ ਪ੍ਰਦਾਨ ਕੀਤੇ ਜਾ ਸਕਦੇ ਹਨ।

34. ਅਸੀਂ ਕੈਨੇਡਾ, ਸੂਬਿਆਂ ਅਤੇ ਖੇਤਰਾਂ ਦੀਆਂ ਸਰਕਾਰਾਂ ਨੂੰ ਫੀਟਲ ਅਲਕੋਹਲ ਸਪੈਕਟ੍ਰਮ ਡਿਸਆਰਡਰ (FASD) ਵਾਲੇ ਅਪਰਾਧੀਆਂ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਸੰਬੋਧਨ ਕਰਨ ਲਈ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਸੁਧਾਰ ਕਰਨ ਲਈ ਕਹਿ ਰਹੇ ਹਾਂ, ਜਿਸ ਵਿੱਚ ਹੇਠ ਲਿਖਿਆ ਸ਼ਾਮਲ ਹੈ:

i. ਅਦਾਲਤਾਂ ਲਈ ਵਧੇਰੇ ਭਾਈਚਾਰਕ ਸਰੋਤ ਅਤੇ ਸ਼ਕਤੀਆਂ ਪ੍ਰਦਾਨ ਕਰਨਾ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ FASD ਦੀ ਸਹੀ ਢੰਗ ਨਾਲ ਪਹਿਚਾਣ ਕੀਤੀ ਗਈ ਹੈ ਅਤੇ FASD ਵਾਲੇ ਲੋਕਾਂ ਲਈ ਢੁਕਵੀ ਕਮਿਊਨਿਟੀ ਸਹਾਇਤਾ ਮੌਜੂਦ ਹੈ।

ii. FASD ਦੁਆਰਾ ਪ੍ਰਭਾਵਿਤ ਅਪਰਾਧੀਆਂ ਲਈ ਘੱਟੋ-ਘੱਟ ਕੈਦ ਦੀ ਲਾਜ਼ਮੀ ਸਜਾਵਾਂ ਤੋਂ ਕਾਨੂੰਨੀ ਛੋਟਾਂ ਨੂੰ ਲਾਗੂ ਕਰਨਾ।

iii. FASD ਵਾਲੇ ਲੋਕਾਂ ਦੀ ਕਮਿਊਨਿਟੀ ਵਿੱਚ ਰਹਿਣ ਦੀ ਸਮਰੱਥਾ ਨੂੰ ਵਧਾਉਣ ਲਈ ਕਮਿਊਨਿਟੀ, ਸੁਧਾਰਕ, ਅਤੇ ਪੈਰੋਲ ਦੇ ਸਰੋਤ ਪ੍ਰਦਾਨ ਕਰਨਾ।

iv. ਅਜਿਹੇ ਪ੍ਰੋਗਰਾਮਾਂ ਦੀ ਪ੍ਰਭਾਵਸ਼ੀਲਤਾ ਨੂੰ ਮਾਪਣ ਅਤੇ ਕਮਿਊਨਿਟੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਮੁਲਾਂਕਣ ਦੀਆਂ ਉਚਿਤ ਵਿਧੀਆਂ ਨੂੰ ਅਪਣਾਉਣਾ।

35. ਅਸੀਂ ਫੈਡਰਲ ਸਰਕਾਰ ਤੋਂ ਫੈਡਰਲ ਸੁਧਾਰ ਪ੍ਰਣਾਲੀ ਦੇ ਅੰਦਰ ਆਦਿਵਾਸੀ ਤਰੀਕਿਆਂ ਵਾਲੇ ਇਲਾਜ ਲਈ ਵਧੇਰੇ ਥਾਵਾਂ ਤਿਆਰ ਕਰਨ ਵਿਚਲੀਆਂ ਰੁਕਾਵਟਾਂ ਨੂੰ ਖਤਮ ਕਰਨ ਦੀ ਮੰਗ ਕਰਦੇ ਹਾਂ।

36. ਅਸੀਂ ਫੈਡਰਲ, ਸੂਬਾ ਅਤੇ ਖੇਤਰੀ ਸਰਕਾਰਾਂ ਤੋਂ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ, ਪਰਿਵਾਰਕ ਅਤੇ ਘਰੇਲੂ ਹਿੰਸਾ, ਅਤੇ ਜਿਨਸੀ ਸ਼ੋਸ਼ਣ ਦੇ ਕਸ਼ਟ ਤੋਂ ਉਭਰਨ ਵਰਗੇ ਮੁੱਦਿਆਂ ਤੇ ਕੈਦੀਆਂ ਨੂੰ ਸੱਭਿਆਚਾਰਕ ਤੌਰ ਤੇ ਸੰਬੰਧਿਤ ਸੇਵਾਵਾਂ ਪ੍ਰਦਾਨ ਕਰਨ ਲਈ ਮੂਲਵਾਸੀ ਭਾਈਚਾਰਿਆਂ ਨਾਲ ਮਿਲਕੇ ਕੰਮ ਕਰਨ ਦੀ ਮੰਗ ਕਰਦੇ ਹਾਂ।

37. ਅਸੀਂ ਫੈਡਰਲ ਸਰਕਾਰ ਤੋਂ ਸੁਧਾਰ ਘਰ (ਹਾਫਵੇ ਹਾਉਸ) ਅਤੇ ਪੈਰੋਲ ਸੇਵਾਵਾਂ ਵਿੱਚ ਮੂਲਵਾਸੀ ਪ੍ਰੋਗਰਾਮਿੰਗ ਲਈ ਹੋਰ ਸਹਾਇਤਾ ਮੁਹੱਈਆ ਕਰਵਾਉਣ ਦੀ ਮੰਗ ਕਰਦੇ ਹਾਂ।

38. ਅਸੀਂ ਫੈਡਰਲ, ਸੂਬਾ, ਖੇਤਰੀ, ਅਤੇ ਮੂਲਵਾਸੀ ਸਰਕਾਰਾਂ ਨੂੰ ਅਗਲੇ ਦਹਾਕੇ ਦੌਰਾਨ ਹਿਰਾਸਤ ਵਿੱਚ ਮੂਲਵਾਸੀ ਨੌਜਵਾਨਾਂ ਦੀ ਬਹੁਤ ਜ਼ਿਆਦਾ ਗਿਣਤੀ ਨੂੰ ਖਤਮ ਕਰਨ ਲਈ ਵਚਨਬੱਧਤਾ ਦੇਣ ਦਾ ਸੱਦਾ ਦਿੰਦੇ ਹਾਂ।

39. ਅਸੀਂ ਫੈਡਰਲ ਸਰਕਾਰ ਤੋਂ ਮੂਲਵਾਸੀ ਲੋਕਾਂ ਦੇ ਅਪਰਾਧਕ ਸ਼ੋਸ਼ਣ ਉੱਪਰ ਡਾਟਾ ਇਕੱਠਾ ਕਰਨ ਅਤੇ ਪ੍ਰਕਾਸ਼ਤ ਕਰਨ ਲਈ ਇੱਕ ਰਾਸ਼ਟਰੀ ਯੋਜਨਾ ਵਿਕਸਿਤ ਕਰਨ ਦੀ ਮੰਗ ਕਰਦੇ ਹਾਂ, ਜਿਸ ਵਿੱਚ ਕਤਲੇਆਮ ਅਤੇ ਪਰਿਵਾਰਕ ਹਿੰਸਾ ਦੇ ਪੀੜਤਾਂ ਨਾਲ ਸੰਬੰਧਤ ਡਾਟਾ ਵੀ ਸ਼ਾਮਲ ਹੈ।

40. ਅਸੀਂ ਸਾਰੇ ਪੱਧਰਾਂ ਦੀਆ ਸਰਕਾਰਾਂ ਤੋਂ, ਮੂਲਵਾਸੀ ਲੋਕਾਂ ਦੇ ਸਹਿਯੋਗ ਨਾਲ, ਮੁਲਾਂਕਣ ਦੀਆਂ ਉਚਿਤ ਵਿਧੀਆਂ ਦੇ ਨਾਲ ਢੁਕਵੇਂ ਫੰਡ ਅਤੇ ਵਿਸ਼ੇਸ਼ ਤੋਰ 'ਤੇ ਮੂਲਵਾਸੀ ਪੀੜਤਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਲਈ ਪਹੁੰਚਯੋਗ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਤਿਆਰ ਕਰਨ ਦੀ ਮੰਗ ਕਰਦੇ ਹਾਂ।

41. ਅਸੀਂ ਫੈਡਰਲ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਹ ਮੂਲਵਾਸੀ ਸੰਸਥਾਵਾਂ ਨਾਲ ਸਲਾਹ-ਮਸ਼ਵਰਾ ਕਰਕੇ ਮੂਲਵਾਸੀ ਔਰਤਾਂ ਅਤੇ ਲੜਕੀਆਂ ਨਾਲ ਹੁੰਦੇ ਗੈਰ-ਅਨੁਪਾਤਕ ਸ਼ੋਸ਼ਣ ਦੇ ਕਾਰਨਾਂ ਅਤੇ ਇਨ੍ਹਾਂ ਦੇ ਉਪਚਾਰਾਂ ਲਈ ਜਨਤਕ ਜਾਂਚ ਨਿਯੁਕਤ ਕਰਨ। ਜਾਂਚ ਦੇ ਆਦੇਸ਼ਾਂ ਵਿੱਚ ਹੇਠ ਲਿਖਿਆ ਸ਼ਾਮਲ ਹੋਵੇਗਾ:

i. ਲਾਪਤਾ ਅਤੇ ਕਤਲ ਕੀਤੀਆਂ ਮੂਲਵਾਸੀ ਔਰਤਾਂ ਅਤੇ ਲੜਕੀਆਂ ਦੇ ਮਾਮਲਿਆਂ ਸੰਬੰਧੀ ਦੀ ਜਾਂਚ।

ii. ਰਿਹਾਇਸ਼ੀ ਸਕੂਲਾਂ ਦੀ ਅੰਤਰ-ਪੀੜ੍ਹੀ ਵਿਰਾਸਤ ਨਾਲ ਇਸ ਦਾ ਸੰਬੰਧ

42. ਅਸੀਂ ਫੈਡਰਲ, ਸੂਬਾ ਅਤੇ ਖੇਤਰੀ ਸਰਕਾਰਾਂ ਨੂੰ ਮੂਲਵਾਸੀ ਲੋਕਾਂ ਦੀ ਸੰਧੀ ਅਤੇ ਮੂਲਵਾਸੀ ਲੋਕਾਂ ਦੇ ਆਦਿਵਾਸੀ ਅਧਿਕਾਰਾਂ, *ਸੰਵਿਧਾਨਕ ਐਕਟ 1982, ਅਤੇ ਨਵੰਬਰ 2012 ਵਿੱਚ ਕੈਨੇਡਾ ਦੁਆਰਾ ਸਮਰਥਨ ਕੀਤੇ ਗਏ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਘੋਸ਼ਣਾ ਪੱਤਰ* ਦੇ ਅਨੁਰੂਪ ਮੂਲਵਾਸੀ ਨਿਆਂ ਪ੍ਰਣਾਲੀਆਂ ਨੂੰ ਮਾਨਤਾ ਦੇਣ ਅਤੇ ਲਾਗੂ ਕਰਨ ਲਈ ਵਚਨਬੱਧਤਾ ਦੇਣ ਦੀ ਮੰਗ ਕਰਦੇ ਹਾਂ।

# ਸੁਲ੍ਹਾ-ਸਫ਼ਾਈ

## ਕੈਨੇਡਾ ਦੀਆਂ ਸਰਕਾਰਾਂ ਅਤੇ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦਾ ਘੋਸ਼ਣਾ ਪੱਤਰ

43. ਅਸੀਂ ਫੈਡਰਲ, ਸੂਬਾ, ਖੇਤਰੀ, ਅਤੇ ਮਿਉਂਸਪਲ ਸਰਕਾਰਾਂ ਤੋਂ ਸੁਲ੍ਹਾ-ਸਫ਼ਾਈ ਦੇ ਢਾਂਚੇ ਵਜੋਂ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨੂੰ ਪੂਰੀ ਤਰ੍ਹਾਂ ਅਪਣਾਉਣ ਅਤੇ ਲਾਗੂ ਕਰਨ ਦੀ ਮੰਗ ਕਰਦੇ ਹਾਂ।

44. ਅਸੀਂ ਕੈਨੇਡਾ ਸਰਕਾਰ ਤੋਂ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਘੋਸ਼ਣਾ ਪੱਤਰ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਇੱਕ ਰਾਸ਼ਟਰੀ ਕਾਰਜ ਯੋਜਨਾ, ਰਣਨੀਤੀਆਂ ਅਤੇ ਹੋਰ ਠੋਸ ਉਪਾਅ ਵਿਕਸਿਤ ਕਰਨ ਦੀ ਮੰਗ ਕਰਦੇ ਹਾਂ।

### ਸ਼ਾਹੀ ਐਲਾਨ ਅਤੇ ਸੁਲ੍ਹਾ-ਸਫ਼ਾਈ ਦਾ ਇਕਰਾਰਨਾਮਾ

45. ਅਸੀਂ ਸਾਰੇ ਕੈਨੇਡੀਅਨਜ਼ ਦੀ ਤਰਫੋਂ ਕੈਨੇਡਾ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਹ ਮੂਲਵਾਸੀ ਲੋਕਾਂ ਨਾਲ ਮਿਲਕੇ ਸਾਂਝੇ ਤੌਰ 'ਤੇ ਰਾਜ ਦੁਆਰਾ ਜਾਰੀ ਕੀਤੀ ਜਾਣ ਵਾਲੀ ਸੁਲ੍ਹਾ-ਸਫਾਈ ਦੀ ਸ਼ਾਹੀ ਘੋਸ਼ਣਾ ਨੂੰ ਵਿਕਸਤ ਕਰੇ। ਇਹ ਐਲਾਨ 1763 ਦੀ ਸ਼ਾਹੀ ਘੋਸ਼ਣਾ ਅਤੇ 1764 ਦੀ ਨਿਆਗਰਾ ਦੀ ਸੰਧੀ ਉੱਪਰ ਅਧਾਰਤ ਹੋਵੇਗੀ, ਅਤੇ ਮੂਲਵਾਸੀ ਲੋਕਾਂ ਅਤੇ ਤਾਜ ਦੇ ਵਿਚਕਾਰ ਰਾਸ਼ਟਰ-ਦਰ-ਰਾਸ਼ਟਰ ਸਬੰਧਾਂ ਦੀ ਪੁਸ਼ਟੀ ਕਰੇਗੀ। (*ਰਾਸ਼ਟਰ-ਦਰ-ਰਾਸ਼ਟਰ ਸਬੰਧਾਂ ਦੀ ਵਰਤੋਂ ਉਸ ਤਰੀਕੇ ਦਾ ਵਰਣਨ ਕਰਨ ਲਈ ਕੀਤੀ ਗਈ ਹੈ ਜਿਸ ਵਿੱਚ ਵੱਖ ਵੱਖ ਮੂਲਵਾਸੀ ਸੰਸਥਾਵਾਂ ਕੈਨੇਡਾ ਵਿੱਚ ਸਰਕਾਰਾਂ ਨਾਲ ਗੱਲਬਾਤ ਕਰ*

*ਸਕਦੀਆਂ ਹਨ।*) ਘੋਸ਼ਣਾ ਵਿੱਚ ਹੇਠ ਲਿਖੀਆਂ ਵਚਨਬੱਧਤਾਵਾਂ ਸ਼ਾਮਲ ਹੋਣਗੀਆਂ, ਪਰ ਇਹ ਇੱਥੋਂ ਤੱਕ ਸੀਮਿਤ ਨਹੀਂ ਹਨ:

i. ਮੂਲਵਾਸੀ ਜ਼ਮੀਨਾਂ ਅਤੇ ਲੋਕਾਂ ਉੱਪਰ ਯੂਰਪੀਅਨ ਪ੍ਰਭੂਸੱਤਾ ਨੂੰ ਜਾਇਜ਼ ਠਹਿਰਾਉਣ ਲਈ ਵਰਤੀਆਂ ਗਈਆਂ ਧਾਰਨਾਵਾਂ ਜਿਵੇਂ ਕਿ ਖੋਜ ਦਾ ਸਿਧਾਂਤ ਅਤੇ ਟੇਰਾ ਨਲੀਅਸ ਨੂੰ ਨਕਾਰਨਾ।

ii. ਸੁਲ੍ਹਾ-ਸਫਾਈ ਦੇ ਢਾਂਚੇ ਵਜੋਂ *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਘੋਸ਼ਣਾ ਪੱਤਰ* ਨੂੰ ਅਪਣਾਓ ਅਤੇ ਲਾਗੂ ਕਰੋ।

iii. ਆਪਸੀ ਮਾਨਤਾ, ਆਪਸੀ ਸਤਿਕਾਰ ਅਤੇ ਭਵਿੱਖ ਵਿੱਚ ਇਹਨਾਂ ਸਬੰਧਾਂ ਨੂੰ ਬਣਾਈ ਰੱਖਣ ਲਈ ਸਾਂਝੀ ਜ਼ਿੰਮੇਵਾਰੀ ਦੇ ਸਿਧਾਂਤਾਂ ਦੇ ਅਧਾਰ ਤੇ ਸੰਧੀ ਸਬੰਧਾਂ ਦਾ ਨਵੀਨੀਕਰਨ ਜਾਂ ਇਨ੍ਹਾਂ ਨੂੰ ਸਥਾਪਤ ਕਰੋ।

iv. ਮੂਲਵਾਸੀ ਅਤੇ ਕ੍ਰਾਊਨ ਦੇ ਸੰਵਿਧਾਨਕ ਅਤੇ ਕਾਨੂੰਨੀ ਆਦੇਸ਼ਾਂ ਦਾ ਮੇਲ ਮਿਲਾਪ ਕਰੋ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੂਲਵਾਸੀ ਲੋਕ ਸੰਧੀਆਂ, ਜ਼ਮੀਨੀ ਦਾਅਵਿਆਂ ਅਤੇ ਹੋਰ ਉਸਾਰੂ ਸਮਝੌਤਿਆਂ ਨੂੰ ਸ਼ਾਮਲ ਕਰਨ ਵਾਲੀ ਗੱਲਬਾਤ ਅਤੇ ਲਾਗੂ ਕਰਨ ਦੀਆਂ ਪ੍ਰਕਿਰਿਆਵਾਂ ਵਿੱਚ ਮੂਲਵਾਸੀ ਕਾਨੂੰਨਾਂ ਅਤੇ ਕਾਨੂੰਨੀ ਪਰੰਪਰਾਵਾਂ ਦੀ ਮਾਨਤਾ ਅਤੇ ਏਕੀਕਰਨ ਸਮੇਤ ਕਨਫੈਡਰੇਸ਼ਨ ਸਮਝੋਤੇ ਵਿੱਚ ਪੂਰੇ ਹਿੱਸੇਦਾਰ ਹਨ।

(*ਖੋਜ ਦੇ ਸਿਧਾਂਤ ਨੇ ਈਸਾਈ ਖੋਜਕਰਤਾਵਾਂ ਨੂੰ ਆਪਣੀ ਪ੍ਰਭੂਸੱਤਾ ਦੇ ਨਾਮ ਤੇ ਈਸਾਈਆਂ ਦੀ ਅਬਾਦੀ ਤੋਂ ਬਿਨਾਂ ਵਾਲੇ ਖੇਤਰਾਂ ਉੱਪਰ ਆਪਣਾ ਦਾਅਵਾ ਪੇਸ਼ ਕਰਨ ਲਈ ਇੱਕ ਢਾਂਚਾ ਪ੍ਰਦਾਨ ਕੀਤਾ। ਜੇ ਜ਼ਮੀਨਾਂ ਖਾਲੀ ਸਨ, ਤਾਂ ਉਹਨਾਂ ਨੂੰ "ਖੋਜੀ ਗਈ" ਵੱਜੋਂ ਪ੍ਰਭਾਸ਼ਿਤ ਕਰਕੇ ਅਤੇ ਉਨ੍ਹਾਂ ਉੱਪਰ ਪ੍ਰਭੂਸੱਤਾ ਦਾ ਦਾਅਵਾ ਕੀਤਾ ਜਾ ਸਕਦਾ ਹੈ।*

*ਟੇਰਾ ਨਲੀਅਸ ਇੱਕ ਲਾਤੀਨੀ ਲਫ਼ਜ਼ ਹੈ ਜਿਸਦਾ ਅਰਥ ਹੈ "ਕਿਸੇ ਦੀ ਜ਼ਮੀਨ ਨਹੀਂ"। ਇਹ ਸਿਧਾਂਤ ਕਈ ਵਾਰ ਅੰਤਰਰਾਸ਼ਟਰੀ ਕਾਨੂੰਨ ਵਿੱਚ ਰਾਜ ਦੁਆਰਾ ਕਬਜ਼ਾ ਕਰਕੇ ਕਿਸੇ ਖੇਤਰ ਉੱਪਰ ਆਪਣੇ ਦਾਅਵਿਆਂ ਨੂੰ ਜਾਇਜ਼ ਠਹਿਰਾਉਣ ਲਈ ਵਰਤਿਆ ਜਾਂਦਾ ਸੀ)*

46. ਅਸੀਂ ਇੰਡੀਅਨ ਰਿਹਾਇਸ਼ੀ ਸਕੂਲ ਦੇ ਸੈਟਲਮੈਂਟ ਸਮਝੌਤੇ ਦੀਆਂ ਸਾਰੀਆਂ ਧਿਰਾਂ ਨੂੰ ਸੁਲਾ-ਸਫ਼ਾਈ ਦੇ ਇਕਰਾਰਨਾਮੇ ਨੂੰ ਵਿਕਸਤ ਕਰਨ ਅਤੇ ਇਸ ਤੇ ਦਸਤਖ਼ਤ ਕਰਨ ਲਈ ਕਹਿੰਦੇ ਹਾਂ। ਜੋ ਕੈਨੇਡੀਅਨ ਸਮਾਜ ਅੰਦਰ ਸੁਲਾ-ਸਫ਼ਾਈ ਨੂੰ ਅੱਗੇ ਵਧਾਉਣ ਲਈ ਸਹਿਯੋਗ ਨਾਲ ਕੰਮ ਕਰਨ ਲਈ ਸਿਧਾਂਤਾਂ ਦੀ ਪਹਿਚਾਣ ਕਰੇਗਾ ਅਤੇ ਜਿਸ ਵਿੱਚ ਹੇਠ ਲਿਖਿਆ ਸ਼ਾਮਲ ਹੋਵੇਗਾ ਪਰ ਇਥੋਂ ਤੱਕ ਸੀਮਤ ਨਹੀਂ ਹੋਵੇਗਾ:

i. ਸੁਲ੍ਹਾ-ਸਫਾਈ ਲਈ ਪਾਰਟੀਆਂ ਦੀ ਵਚਨਬੱਧਤਾ ਦੀ ਮੁੜ ਪੁਸ਼ਟੀ।

ii. ਮੂਲਵਾਸੀ ਜ਼ਮੀਨਾਂ ਅਤੇ ਲੋਕਾਂ ਉੱਪਰ ਯੂਰਪੀਅਨ ਪ੍ਰਭੂਸੱਤਾ ਨੂੰ ਜਾਇਜ਼ ਠਹਿਰਾਉਣ ਲਈ ਵਰਤੀਆਂ ਗਈਆਂ ਧਾਰਨਾਵਾਂ ਜਿਵੇਂ ਕਿ ਖੋਜ ਦਾ ਸਿਧਾਂਤ ਅਤੇ ਟੇਰਾ ਨੁਲੀਅਸ ਨੂੰ ਰੱਦ ਕਰਨਾ ਅਤੇ ਉਨ੍ਹਾਂ ਦੀਆਂ

ਸਬੰਧਤ ਸੰਸਥਾਵਾਂ ਦੇ ਅੰਦਰ ਕਾਨੂੰਨਾਂ, ਪ੍ਰਸ਼ਾਸਨਿਕ ਢਾਂਚੇ, ਅਤੇ ਨੀਤੀਆਂ ਵਿੱਚ ਸੁਧਾਰ ਕਰਨਾ ਜੋ ਅਜਿਹੀਆਂ ਧਾਰਨਾਵਾਂ ਉੱਪਰ ਭਰੋਸਾ ਕਰਨਾ ਜਾਰੀ ਰੱਖਦੇ ਹਨ।

iii. ਸੁਲ੍ਹਾ-ਸਫਾਈ ਦੇ ਢਾਂਚੇ ਵਜੋਂ *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਘੋਸ਼ਣਾ ਪੱਤਰ* ਨੂੰ ਪੂਰੀ ਤਰ੍ਹਾਂ ਅਪਣਾਉਣਾ ਅਤੇ ਲਾਗੂ ਕਰਨਾ।

iv. ਆਪਸੀ ਮਾਨਤਾ, ਆਪਸੀ ਸਤਿਕਾਰ, ਅਤੇ ਭਵਿੱਖ ਵਿੱਚ ਉਹਨਾ ਸਬੰਧਾਂ ਨੂੰ ਬਣਾਈ ਰੱਖਣ ਲਈ ਸਾਂਝੀ ਜ਼ਿੰਮੇਵਾਰੀ ਦੇ ਸਿਧਾਂਤਾਂ ਦੇ ਅਧਾਰ ’ਤੇ ਸੰਧੀ ਸਬੰਧਾਂ ਦੇ ਨਵੀਨੀਕਰਨ ਜਾਂ ਸਥਾਪਨਾ ਲਈ ਸਮਰਥਨ।

v. ਸੈਟਲਮੈਂਟ ਸਮਝੌਤੇ ਤੋਂ ਬਾਹਰ ਰੱਖੇ ਗਏ ਲੋਕਾਂ ਨੂੰ ਸੁਲ੍ਹ-ਸਫ਼ਾਈ ਦੇ ਇਕਰਾਰਨਾਮੇ ਉੱਪਰ ਦਸਤਖਤ ਕਰਨ ਦੇ ਯੋਗ ਬਣਾਉਣਾ।

vi. ਮੇਲ-ਮਿਲਾਪ ਦੇ ਇਕਰਾਰਨਾਮੇ ਉੱਪਰ ਦਸਤਖ਼ਤ ਕਰਨ ਲਈ ਹੋਰ ਵਾਧੂ ਪਾਰਟੀਆਂ ਨੂੰ ਸਮਰੱਥ ਬਣਾਉਣਾ।

47. ਅਸੀਂ ਫੈਡਰਲ, ਸੂਬਾ, ਖੇਤਰੀ ਅਤੇ ਮਿਉਂਸਪਲ ਸਰਕਾਰਾਂ ਤੋਂ ਮੂਲਵਾਸੀ ਲੋਕਾਂ ਅਤੇ ਜ਼ਮੀਨਾਂ ਉੱਪਰ ਯੂਰਪੀਅਨ ਪ੍ਰਭੂਸੱਤਾ ਨੂੰ ਜਾਇਜ਼ ਠਹਿਰਾਉਣ ਲਈ ਵਰਤੀਆਂ ਜਾਂਦੀਆਂ ਧਾਰਨਾਵਾਂ ਜਿਵੇਂ ਕਿ ਖੋਜ ਦੇ ਸਿਧਾਂਤ ਅਤੇ ਟੇਰਾ ਨਲੀਅਸ ਨੂੰ ਰੱਦ ਕਰਨ ਦੀ ਮੰਗ ਕਰਦੇ ਹਾਂ। ਅਤੇ ਉਹਨਾਂ ਕਾਨੂੰਨਾਂ, ਸਰਕਾਰੀ ਨੀਤੀਆਂ ਅਤੇ ਮੁਕੱਦਮੇਬਾਜ਼ੀ ਦੀਆਂ ਰਣਨੀਤੀਆਂ ਨੂੰ ਸੁਧਾਰਨ ਲਈ ਕਹਿੰਦੇ ਹਾਂ ਜੋ ਅਜੇ ਵੀ ਅਜਿਹੀਆਂ ਧਾਰਨਾਵਾਂ ਉੱਪਰ ਭਰੋਸਾ ਕਰਨਾ ਜਾਰੀ ਰੱਖ ਰਹੀਆਂ ਹਨ।

## ਸੈਟਲਮੈਂਟ ਸਮਝੌਤੇ ਦੀਆਂ ਪਾਰਟੀਆਂ ਅਤੇ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦਾ ਘੋਸ਼ਣਾ ਪੱਤਰ

48. ਅਸੀਂ ਸੈਟਲਮੈਂਟ ਸਮਝੌਤੇ ਲਈ ਗਿਰਜਾਘਰ ਪਾਰਟੀਆਂ, ਅਤੇ ਕੈਨੇਡਾ ਵਿੱਚ ਹੋਰਨਾਂ ਸਾਰੇ ਆਸਥਾ ਰੱਖਣ ਵਾਲੇ ਸਮੂਹਾਂ ਅਤੇ ਅੰਤਰ-ਧਰਮ ਸਮਾਜਿਕ ਨਿਆਂ ਸਮੂਹਾਂ ਨੂੰ ਸੱਦਾ ਦਿੰਦੇ ਹਾਂ ਕਿ ਜਿਨ੍ਹਾਂ ਨੇ ਪਹਿਲਾਂ ਅਜਿਹਾ ਨਹੀਂ ਕੀਤਾ ਹੈ ਉਹ ਹੁਣ ਸੁਲ੍ਹਾ-ਸਫਾਈ ਦੇ ਢਾਂਚੇ ਵਜੋਂ *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਘੋਸ਼ਣਾ ਪੱਤਰ* ਦੇ ਸਿਧਾਂਤਾਂ, ਨਿਯਮਾਂ ਅਤੇ ਮਿਆਰਾਂ ਨੂੰ ਰਸਮੀ ਤੌਰ ’ਤੇ ਅਪਣਾਉਣ ਅਤੇ ਉਹਨਾਂ ਦੀ ਪਾਲਣਾ ਕਰਨ। ਹੇਠ ਲਿਖੀਆਂ ਵਚਨਬੱਧਤਾਵਾਂ ਸ਼ਾਮਲ ਹੋਣਗੀਆਂ, ਪਰ ਇਹ ਇੱਥੋਂ ਤੱਕ ਸੀਮਿਤ ਨਹੀਂ ਹਨ:

i. ਇਹ ਨਿਸ਼ਚਿਤ ਕਰਨਾ ਕਿ ਉਨ੍ਹਾਂ ਦੀਆਂ ਸੰਸਥਾਵਾਂ, ਨੀਤੀਆਂ, ਪ੍ਰੋਗਰਾਮ ਅਤੇ ਅਭਿਆਸ *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ* ਦੀ ਪਾਲਣਾ ਕਰਦੇ ਹਨ।

ii. ਮੂਲਵਾਸੀ ਲੋਕਾਂ ਦੇ ਅਧਿਆਤਮਿਕ ਮਾਮਲਿਆਂ ਵਿੱਚ ਸਵੈ-ਨਿਰਣੇ ਦੇ ਅਧਿਕਾਰ ਦਾ ਸਨਮਾਨ ਕਰਨਾ, ਜਿਸ ਵਿੱਚ *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਘੋਸ਼ਣਾ ਪੱਤਰ* ਦੀ ਧਾਰਾ 12:1 ਦੇ

ਨਾਲ ਇਕਸਾਰ ਆਪਣੀਆਂ ਅਧਿਆਤਮਿਕ ਅਤੇ ਧਾਰਮਿਕ ਪਰੰਪਰਾਵਾਂ, ਰੀਤੀ-ਰਿਵਾਜਾਂ ਅਤੇ ਰਸਮਾਂ ਦਾ ਅਭਿਆਸ ਕਰਨ, ਵਿਕਸਿਤ ਕਰਨ ਅਤੇ ਸਿਖਾਉਣ ਦਾ ਅਧਿਕਾਰ ਸ਼ਾਮਲ ਹੈ।

iii. *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਘੋਸ਼ਣਾ ਪੱਤਰ* ਦਾ ਸਮਰਥਨ ਕਰਨ ਲਈ ਚੱਲ ਰਹੇ ਜਨਤਕ ਸੰਵਾਦ ਅਤੇ ਕਾਰਵਾਈਆਂ ਵਿੱਚ ਸ਼ਾਮਲ ਹੋਣਾ।

iv. ਸਾਰੀਆਂ ਧਾਰਮਿਕ ਸੰਪਰਦਾਵਾਂ ਅਤੇ ਆਸਥਾ ਰੱਖਣ ਵਾਲੇ ਸਮੂਹਾਂ ਲਈ 31 ਮਾਰਚ 2016 ਤੋਂ ਪਹਿਲਾਂ ਇਕ ਬਿਆਨ ਜਾਰੀ ਕਰਨਾ ਕਿ ਉਹ ਮੂ*ਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਘੋਸ਼ਣਾ ਪੱਤਰ* ਨੂੰ ਕਿਵੇਂ ਲਾਗੂ ਕਰਨਗੇ।

49. ਅਸੀਂ ਸਾਰੀਆਂ ਧਾਰਮਿਕ ਸੰਪਰਦਾਵਾਂ ਅਤੇ ਆਸਥਾ ਰੱਖਣ ਵਾਲੇ ਸਮੂਹਾਂ ਨੂੰ ਸੱਦਾ ਦਿੰਦੇ ਹਾਂ ਕਿ ਜਿਨ੍ਹਾਂ ਨੇ ਪਹਿਲਾਂ ਅਜਿਹਾ ਨਹੀਂ ਕੀਤਾ ਉਹ ਮੂਲਵਾਸੀ ਜ਼ਮੀਨਾਂ ਅਤੇ ਲੋਕਾਂ ਉੱਪਰ ਯੂਰਪੀਅਨ ਪ੍ਰਭੂਸੱਤਾ ਨੂੰ ਜਾਇਜ਼ ਠਹਿਰਾਉਣ ਲਈ ਵਰਤੀਆਂ ਜਾਂਦੀਆਂ ਧਾਰਨਾਵਾਂ ਜਿਵੇਂ ਕਿ ਖੋਜ ਦਾ ਸਿਧਾਂਤ ਅਤੇ *ਟੇਰਾ ਨੁਲੀਅਸ* ਨੂੰ ਰੱਦ ਕਰਨ।

## ਕਾਨੂੰਨੀ ਵਿਵਸਥਾ ਵਿੱਚ ਮੂਲਵਾਸੀ ਲੋਕਾਂ ਲਈ ਬਰਾਬਰੀ

50. *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਘੋਸ਼ਣਾ ਪੱਤਰ* ਨੂੰ ਧਿਆਨ ਵਿੱਚ ਰੱਖਦੇ ਹੋਏ, ਅਸੀਂ ਫੈਡਰਲ ਸਰਕਾਰ ਤੋਂ ਮੂਲਵਾਸੀ ਸੰਗਠਨਾਂ ਦੇ ਸਹਿਯੋਗ ਨਾਲ ਮੂਲਵਾਸੀ ਕਾਨੂੰਨਾਂ ਦੇ ਵਿਕਾਸ, ਵਰਤੋਂ ਅਤੇ ਮੂਲਵਾਸੀ ਕਾਨੂੰਨਾਂ ਦੀ ਸਮਝ ਅਤੇ ਕੈਨੇਡਾ ਵਿੱਚ ਮੂਲਵਾਸੀ ਲੋਕਾਂ ਦੇ ਵਿਲੱਖਣ ਸਭਿਆਚਾਰਾਂ ਦੇ ਅਨੁਸਾਰ ਨਿਆਂ ਤੱਕ ਪਹੁੰਚ ਲਈ ਮੂਲਵਾਸੀ ਕਾਨੂੰਨ ਸੰਸਥਾਵਾਂ ਦੀ ਸਥਾਪਨਾ ਲਈ ਫੰਡ ਦੇਣ ਦੀ ਮੰਗ ਕਰਦੇ ਹਾਂ।

51. ਅਸੀਂ ਕੈਨੇਡਾ ਸਰਕਾਰ ਤੋਂ ਆਪਣੀ ਭਰੋਸੇਮੰਦ ਜ਼ਿੰਮੇਵਾਰੀ ਦੇ ਫ਼ਰਜ਼ ਵੱਜੋਂ ਮੂਲਵਾਸੀ ਅਤੇ ਸੰਧੀ ਦੇ ਅਧਿਕਾਰਾਂ ਦੇ ਦਾਇਰੇ ਅਤੇ ਸੀਮਾ ਦੇ ਸਬੰਧ ਵਿੱਚ ਵਿਕਸਤ ਕੀਤੇ ਗਏ ਕਾਨੂੰਨੀ ਵਿਚਾਰਾਂ ਨੂੰ ਪ੍ਰਕਾਸ਼ਤ ਕਰਕੇ ਪਾਰਦਰਸ਼ਤਾ ਦੀ ਨੀਤੀ ਵਿਕਸਿਤ ਕਰਨ ਦੀ ਮੰਗ ਕਰਦੇ ਹਾਂ। ਅਤੇ ਜਿਸ ’ਤੇ ਇਹ ਕੰਮ ਕਰ ਰਹੇ ਹਨ ਜਾਂ ਕੰਮ ਕਰਨ ਦਾ ਇਰਾਦਾ ਰੱਖਦੇ ਹਨ।

52. ਅਸੀਂ ਕੈਨੇਡਾ ਸਰਕਾਰ, ਸੂਬਾ ਅਤੇ ਖੇਤਰੀ ਸਰਕਾਰਾਂ ਅਤੇ ਅਦਾਲਤਾਂ ਤੋਂ ਹੇਠਾਂ ਦਿੱਤੇ ਕਾਨੂੰਨੀ ਸਿਧਾਂਤਾਂ ਨੂੰ ਅਪਣਾਉਣ ਦੀ ਮੰਗ ਕਰਦੇ ਹਾਂ:

i. ਇੱਕ ਵਾਰ ਜਦੋਂ ਕਿਸੇ ਮੂਲਵਾਸੀ ਦਾਅਵੇਦਾਰ ਨੇ ਕਿਸੇ ਖਾਸ ਸਮੇਂ ’ਤੇ ਕਿਸੇ ਖਾਸ ਖੇਤਰ ਉੱਤੇ ਕਬਜ਼ਾ ਸਥਾਪਤ ਕਰ ਲਿਆ ਹੋਵੇ ਤਾਂ ਮੂਲਵਾਸੀ ਖ਼ਿਤਾਬ ਦੇ ਦਾਅਵਿਆਂ ਨੂੰ ਸਵੀਕਾਰ ਕੀਤਾ ਜਾਵੇ।

ii. ਇਕ ਵਾਰ ਮੂਲਵਾਸੀ ਖ਼ਿਤਾਬ ਸਥਾਪਤ ਹੋ ਜਾਣ ਤੋਂ ਬਾਅਦ, ਉਸ ਖ਼ਿਤਾਬ ਦੀ ਮੌਜੂਦਗੀ ਤੋਂ ਪੈਦਾ ਹੋਣ ਵਾਲੇ ਕਿਸੇ ਵੀ ਅਧਿਕਾਰਾਂ ਤੇ ਕਿਸੇ ਵੀ ਪਾਬੰਦੀ ਨੂੰ ਸਾਬਤ ਕਰਨ ਦਾ ਬੋਝ ਅਜਿਹੀ ਸੀਮਾ ਦਾ ਦਾਅਵਾ ਕਰਨ ਵਾਲੀ ਧਿਰ ਉੱਤੇ ਆ ਜਾਂਦਾ ਹੈ।

## ਸੁਲ੍ਹਾ ਦੇ ਲਈ ਰਾਸ਼ਟਰੀ ਕੌਂਸਲ

53. ਅਸੀਂ ਕੈਨੇਡਾ ਦੀ ਪਾਰਲੀਮੈਂਟ ਤੋਂ ਮੂਲਵਾਸੀ ਲੋਕਾਂ ਦੇ ਨਾਲ ਸਲਾਹ-ਮਸ਼ਵਰੇ ਅਤੇ ਸਹਿਯੋਗ ਨਾਲ ਮੇਲ-ਮਿਲਾਪ ਲਈ ਰਾਸ਼ਟਰੀ ਕੌਂਸਲ ਦੀ ਸਥਾਪਨਾ ਕਰਨ ਲਈ ਕਾਨੂੰਨ ਬਣਾਉਣ ਦੀ ਮੰਗ ਕਰਦੇ ਹਾਂ। ਇਹ ਕਨੂੰਨ ਕੌਂਸਲ ਨੂੰ ਇੱਕ ਸੁਤੰਤਰ, ਰਾਸ਼ਟਰੀ, ਨਿਗਰਾਨ ਸੰਸਥਾ ਵਜੋਂ ਸਥਾਪਤ ਕਰੇਗਾ ਜਿਸਦੀ ਮੈਂਬਰਸ਼ਿਪ ਕੈਨੇਡਾ ਸਰਕਾਰ ਅਤੇ ਰਾਸ਼ਟਰੀ ਮੂਲਵਾਸੀ ਸੰਗਠਨਾਂ ਦੁਆਰਾ ਸਾਂਝੇ ਤੌਰ ’ਤੇ ਨਿਯੁਕਤ ਕੀਤੀ ਜਾਵੇਗੀ। ਅਤੇ ਇਸ ਵਿੱਚ ਮੂਲਵਾਸੀ ਅਤੇ ਗੈਰ ਮੂਲਵਾਸੀ ਮੈਂਬਰ ਸ਼ਾਮਲ ਹਨ। ਇਸਦੇ ਆਦੇਸ਼ ਵਿੱਚ ਹੇਠ ਲਿਖੇ ਸ਼ਾਮਲ ਹੋਵੇਗਾ, ਪਰ ਇਹ ਇਹਨਾਂ ਤੱਕ ਸੀਮਿਤ ਨਹੀਂ ਹੋਣਗੇ:

i. ਸੁਲ੍ਹਾ-ਸਫ਼ਾਈ ਉੱਪਰ ਕੈਨੇਡਾ ਸਰਕਾਰ ਦੀ ਮੁਆਫੀ ਤੋਂ ਬਾਅਦ ਦੀ ਤਰੱਕੀ ਤੇ ਸਾਲਾਨਾ ਨਿਗਰਾਨੀ, ਮੁਲਾਂਕਣ ਅਤੇ ਸੰਸਦ ਅਤੇ ਕੈਨੇਡੀਅਨ ਲੋਕਾਂ ਨੂੰ ਰਿਪੋਰਟ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਆਉਣ ਵਾਲੇ ਸਾਲਾਂ ਵਿੱਚ ਮੂਲਵਾਸੀ ਲੋਕਾਂ ਅਤੇ ਕ੍ਰਾਊਨ ਵਿਚਕਾਰ ਸਬੰਧਾਂ ਨੂੰ ਸੁਲਝਾਉਣ ਲਈ ਸਰਕਾਰ ਦੀ ਜਵਾਬਦੇਹੀ ਬਣੀ ਰਹੇ।

ii. ਕੈਨੇਡਾ ਦੇ ਸੱਚ ਅਤੇ ਸੁਲ੍ਹਾ ਕਮਿਸ਼ਨ ਦੇ ਕਾਲ ਟੂ ਐਕਸ਼ਨ ਨੂੰ ਲਾਗੂ ਕਰਨ ਸਮੇਤ ਕੈਨੇਡੀਅਨ ਸਮਾਜ ਦੇ ਸਾਰੇ ਪੱਧਰਾਂ ਅਤੇ ਖੇਤਰਾਂ ਵਿੱਚ ਸੁਲ੍ਹਾ-ਸਫਾਈ ਦੀ ਪ੍ਰਗਤੀ ਬਾਰੇ ਨਿਗਰਾਨੀ, ਮੁਲਾਂਕਣ ਅਤੇ ਸੰਸਦ ਤੇ ਕੈਨੇਡਾ ਦੇ ਲੋਕਾਂ ਨੂੰ ਰਿਪੋਰਟ ਕਰੋ।

iii. ਸੁਲ੍ਹਾ-ਸਫਾਈ ਲਈ ਇੱਕ ਬਹੁ-ਸਾਲਾ ਰਾਸ਼ਟਰੀ ਕਾਰਜ ਯੋਜਨਾ ਵਿਕਸਿਤ ਅਤੇ ਲਾਗੂ ਕਰੋ, ਜਿਸ ਵਿੱਚ ਖੋਜ ਅਤੇ ਨੀਤੀ ਵਿਕਾਸ, ਜਨਤਕ ਸਿੱਖਿਆ ਪ੍ਰੋਗਰਾਮ, ਅਤੇ ਸਰੋਤ ਸ਼ਾਮਲ ਹਨ।

iv. ਜਨਤਕ ਸੰਵਾਦ, ਜਨਤਕ/ਨਿੱਜੀ ਭਾਈਵਾਲੀ, ਅਤੇ ਸੁਲ੍ਹਾ-ਸਫਾਈ ਲਈ ਜਨਤਕ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰੋ।

54. ਅਸੀਂ ਕੈਨੇਡਾ ਸਰਕਾਰ ਤੋਂ ਰਾਸ਼ਟਰੀ ਸੁਲ੍ਹਾ ਪਰਿਸ਼ਦ ਦੇ ਲਈ ਬਹੁ-ਸਾਲਾ ਫੰਡ ਮੁਹੱਈਆ ਕਰਵਾਉਣ ਦੀ ਮੰਗ ਕਰਦੇ ਹਾਂ ਤਾਂਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਕੋਲ ਸੁਲ੍ਹਾ ਦੇ ਉਦੇਸ਼ ਨੂੰ ਅੱਗੇ ਵਧਾਉਣ ਲਈ ਇਕ ਰਾਸ਼ਟਰੀ ਸੁਲ੍ਹਾ ਟਰੱਸਟ ਦੇ ਬੰਦੋਬਸਤ ਸਮੇਤ ਆਪਣਾ ਕੰਮ ਕਰਨ ਲਈ ਲੋੜੀਂਦੇ ਵਿੱਤੀ, ਮਨੁੱਖੀ ਅਤੇ ਤਕਨੀਕੀ ਸਰੋਤ ਹਨ।

55. ਅਸੀਂ ਸਾਰੇ ਪੱਧਰ ਦੀਆਂ ਸਰਕਾਰ ਤੋਂ ਸਲਾਨਾ ਰਿਪੋਰਟਾਂ ਜਾਂ ਨੈਸ਼ਨਲ ਕਾਉਂਸਿਲ ਫਾਰ ਰੀਕੋਨਸੀਲੀਏਸ਼ਨ ਦੁਆਰਾ ਬੇਨਤੀ ਕੀਤੇ ਗਏ ਕੋਈ ਵੀ ਮੌਜੂਦਾ ਅੰਕੜੇ ਪ੍ਰਦਾਨ ਕਰਨ ਦੀ ਮੰਗ ਕਰਦੇ ਹਾਂ ਤਾਂ ਜੋ ਇਹ ਸੁਲ੍ਹਾ-ਸਫਾਈ ਦੀ ਦਿਸ਼ਾ ਵੱਲ ਹੋਈ ਤਰੱਕੀ ਬਾਰੇ ਰਿਪੋਰਟ ਕਰ ਸਕੇ। ਰਿਪੋਰਟਾਂ ਜਾਂ ਅੰਕੜਿਆਂ ਵਿੱਚ ਹੇਠ ਲਿਖਿਆ ਸ਼ਾਮਲ ਹੋਵੇਗਾ, ਪਰ ਇਹ ਇੱਥੋਂ ਤੱਕ ਸੀਮਿਤ ਨਹੀਂ ਹੋਵੇਗਾ:

i. ਦੇਖਭਾਲ ਵਿੱਚ ਗੈਰ-ਮੂਲਵਾਸੀ ਬੱਚਿਆਂ ਦੀ ਤੁਲਨਾ ਵਿੱਚ, ਮੇਟਿਸ ਅਤੇ ਇਨਯੂਟ ਬੱਚਿਆਂ ਸਮੇਤ ਮੂਲਵਾਸੀ ਬੱਚਿਆਂ ਦੀ ਗਿਣਤੀ, ਖਦਸ਼ੇ ਦੇ ਕਾਰਨ, ਅਤੇ ਬਾਲ-ਕਲਿਆਣ ਏਜੰਸੀਆਂ ਦੁਆਰਾ ਰੋਕਥਾਮ ਅਤੇ ਦੇਖਭਾਲ ਸੇਵਾਵਾਂ ਉੱਤੇ ਹੋਣ ਵਾਲੇ ਕੁੱਲ ਖਰਚੇ।

ii. ਰਿਜ਼ਰਵ ਵਿੱਚ ਅਤੇ ਇਸ ਤੋਂ ਬਾਹਰ ਫਰਸਟ ਨੇਸ਼ਨਜ਼ ਦੇ ਬੱਚਿਆਂ ਦੀ ਸਿੱਖਿਆ ਲਈ ਤੁਲਨਾਤਮਕ ਫੰਡਿੰਗ।

iii. ਕੈਨੇਡਾ ਅੰਦਰ ਗੈਰ-ਮੂਲਵਾਸੀ ਲੋਕਾਂ ਦੀ ਤੁਲਨਾ ਵਿੱਚ ਮੂਲਵਾਸੀ ਲੋਕਾਂ ਦੀਆਂ ਵਿੱਦਿਅਕ ਅਤੇ ਆਮਦਨ ਪ੍ਰਾਪਤੀਆਂ।

iv. ਬਾਲ ਮੌਤ ਦਰ, ਮਾਵਾਂ ਦੀ ਸਿਹਤ, ਖੁਦਕੁਸ਼ੀ, ਮਾਨਸਿਕ ਸਿਹਤ, ਨਸ਼ਾਖੋਰੀ, ਜੀਵਨ ਸੰਭਾਵਨਾ, ਜਨਮ ਦਰ, ਬਾਲ ਅਤੇ ਬੱਚਿਆਂ ਦੀ ਸਿਹਤ ਦੇ ਮੁੱਦੇ, ਪੁਰਾਣੇ ਰੋਗ, ਬੀਮਾਰੀਆਂ ਅਤੇ ਸੱਟ ਦੀ ਘਟਨਾ, ਅਤੇ ਉਚਿਤ ਸਿਹਤ ਸੇਵਾਵਾਂ ਦੀ ਉਪਲਬਧਤਾ ਵਰਗੇ ਕਈ ਸਿਹਤ ਸੂਚਕਾਂ ਵਿੱਚ ਮੂਲਵਾਸੀ ਅਤੇ ਗੈਰ-ਮੂਲਵਾਸੀ ਭਾਈਚਾਰਿਆਂ ਵਿਚਕਾਰ ਪਾੜੇ ਨੂੰ ਖਤਮ ਕਰਨ ਵੱਲ ਤਰੱਕੀ।

v. ਅਗਲੇ ਦਹਾਕੇ ਵਿੱਚ ਯੂਥ ਕਸਟਿਡੀ ਅੰਦਰ ਮੂਲਵਾਸੀ ਬੱਚਿਆਂ ਦੀ ਵੱਧ ਨੁਮਾਇੰਦਗੀ ਨੂੰ ਖਤਮ ਕਰਨ ਵੱਲ ਤਰੱਕੀ।

vi. ਮੂਲਵਾਸੀ ਲੋਕਾਂ ਦੇ ਅਪਰਾਧਕ ਉਤਪੀੜਨ ਦੀ ਦਰ ਨੂੰ ਘੱਟ ਕਰਨ ਦੀ ਦਿਸ਼ਾ ਵੱਲ ਤਰੱਕੀ। ਜਿਸ ਵਿੱਚ ਹੱਤਿਆ ਅਤੇ ਪਰਿਵਾਰਕ ਹਿੰਸਾ ਉਤਪੀੜਨ ਅਤੇ ਹੋਰ ਅਪਰਾਧਾਂ ਨਾਲ ਸਬੰਧਤ ਅੰਕੜੇ ਸ਼ਾਮਲ ਹਨ।

vii. ਨਿਆਂ ਅਤੇ ਸੁਧਾਰ ਘਰ ਪ੍ਰਣਾਲੀਆਂ ਵਿੱਚ ਮੂਲਵਾਸੀ ਲੋਕਾਂ ਦੀ ਵੱਧ ਨੁਮਾਇੰਦਗੀ ਨੂੰ ਘਟਾਉਣ ਦੀ ਦਿਸ਼ਾ ਵੱਲ ਤਰੱਕੀ।

56. ਅਸੀਂ ਕੈਨੇਡਾ ਦੇ ਪ੍ਰਧਾਨ ਮੰਤਰੀ ਤੋਂ ਸਲਾਨਾ "ਮੂਲਵਾਸੀ ਲੋਕਾਂ ਦੀ ਦਸ਼ਾ" (State of Aboriginal Peoples) ਰਿਪੋਰਟ ਜਾਰੀ ਕਰਕੇ ਨੈਸ਼ਨਲ ਕਾਉਂਸਿਲ ਫ਼ਾਰ ਰਿਕੋਨਸੀਲੀਏਸ਼ਨ ਦੀ ਰਿਪੋਰਟ ਦਾ ਰਸਮੀ ਤੋਰ 'ਤੇ ਜਵਾਬ ਦੇਣ ਦੀ ਮੰਗ ਕਰਦੇ ਹਾਂ। ਜੋ ਸੁਲ੍ਹਾ-ਸਫ਼ਾਈ ਦੇ ਉਦੇਸ਼ ਨੂੰ ਅੱਗੇ ਵਧਾਉਣ ਲਈ ਸਰਕਾਰ ਦੀਆਂ ਯੋਜਨਾਵਾਂ ਦੀ ਰੂਪਰੇਖਾ ਦੇਵੇਗਾ।

## ਸਰਕਾਰੀ ਕਰਮਚਾਰੀਆਂ ਲਈ ਪੇਸ਼ੇਵਰ ਵਿਕਾਸ ਅਤੇ ਸਿਖਲਾਈ

57. ਅਸੀਂ ਫੈਡਰਲ, ਸੂਬਾ, ਖੇਤਰੀ, ਅਤੇ ਮਿਉਂਸਪਲ ਸਰਕਾਰਾਂ ਤੋਂ ਰਿਹਾਇਸ਼ੀ ਸਕੂਲਾਂ ਦੇ ਇਤਿਹਾਸ ਅਤੇ ਵਿਰਾਸਤ, *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੀ ਘੋਸ਼ਣਾ*, ਸੰਧੀਆਂ ਅਤੇ ਆਦਿਵਾਸੀ ਅਧਿਕਾਰ, ਮੂਲਵਾਸੀ ਕਾਨੂੰਨ ਅਤੇ ਆਦਿਵਾਸੀਆਂ ਅਤੇ ਤਾਜ ਵਿਚਕਾਰ ਸਬੰਧਾਂ ਸਮੇਤ ਸਰਕਾਰੀ ਕਰਮਚਾਰੀਆਂ ਨੂੰ ਮੂਲਵਾਸੀਆਂ ਦੇ ਇਤਿਹਾਸ ਸੰਬੰਧੀ ਸਿੱਖਿਆ ਪ੍ਰਦਾਨ ਕਰਨ ਦੀ ਮੰਗ ਕਰਦੇ ਹਾਂ। ਇਸ ਦੇ ਲਈ ਅੰਤਰ-ਸੱਭਿਆਚਾਰਕ ਯੋਗਤਾ, ਵਿਵਾਦ ਦੇ ਹੱਲ (conflict resolution), ਮਨੁੱਖੀ ਅਧਿਕਾਰਾਂ, ਅਤੇ ਨਸਲਵਾਦ-ਵਿਰੋਧੀ ਵਿਸ਼ਿਆਂ ਵਿੱਚ ਹੁਨਰ ਅਧਾਰਤ ਸਿਖਲਾਈ ਦੀ ਲੋੜ ਹੋਵੇਗੀ।

## ਚਰਚ ਵੱਲੋਂ ਮੁਆਫੀ ਅਤੇ ਸੁਲ੍ਹਾ

58. ਅਸੀਂ ਪੋਪ ਨੂੰ ਕੈਥੋਲਿਕ ਦੁਆਰਾ ਸੰਚਾਲਿਤ ਰਿਹਾਇਸ਼ੀ ਸਕੂਲਾਂ ਵਿੱਚ ਫਸਟ ਨੇਸ਼ਨਜ਼, ਇਨੂਯਟ, ਅਤੇ ਮੈਟਿਸ ਬੱਚਿਆਂ ਦੇ ਅਧਿਆਤਮਿਕ, ਸੱਭਿਆਚਾਰਕ, ਭਾਵਨਾਤਮਕ, ਸਰੀਰਕ ਅਤੇ ਜਿਨਸੀ ਸ਼ੋਸ਼ਣ ਵਿੱਚ ਰੋਮਨ ਕੈਥੋਲਿਕ ਚਰਚ ਦੀ ਭੂਮਿਕਾ ਲਈ ਪੀੜ੍ਹਤਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਭਾਈਚਾਰਿਆਂ ਤੋਂ ਮੁਆਫੀ ਮੰਗਣ ਲਈ ਕਹਿੰਦੇ ਹਾਂ। ਅਸੀਂ ਮੰਗ ਕਰਦੇ ਹਾਂ ਕਿ ਉਹ ਮੁਆਫੀ 2010 ਵਿੱਚ ਦੁਰਵਿਹਾਰ ਦੇ ਸ਼ਿਕਾਰ ਆਇਰਿਸ਼ ਪੀੜ੍ਹਤਾਂ ਨੂੰ ਜਾਰੀ ਕੀਤੀ ਗਈ ਮੁਆਫੀ ਦੇ ਬਰਾਬਰ ਹੋਵੇ ਅਤੇ ਇਹ ਇਸ ਰਿਪੋਰਟ ਦੇ ਜਾਰੀ ਹੋਣ ਦੇ ਇੱਕ ਸਾਲ ਦੇ ਅੰਦਰ ਹੋਣੀ ਚਾਹੀਦੀ ਹੈ ਅਤੇ ਕੈਨੇਡਾ ਵਿੱਚ ਪੋਪ ਦੁਆਰਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

59. ਅਸੀਂ ਸੈਟਲਮੈਂਟ ਸਮਝੌਤੇ ਲਈ ਗਿਰਜਾਘਰ ਦੀਆਂ ਧਿਰਾਂ ਤੋਂ ਚੱਲ ਰਹੀ ਸਿੱਖਿਆ ਰਣਨੀਤੀਆਂ ਨੂੰ ਵਿਕਸਤ ਕਰਨ ਦੀ ਮੰਗ ਕਰਦੇ ਹਾਂ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਦੀਆਂ ਸੰਬੰਧਤ ਸਭਾਵਾਂ ਬਸਤੀਵਾਦ ਵਿੱਚ ਉਹਨਾਂ ਦੇ ਗਿਰਜਾਘਰ ਦੀ ਭੂਮਿਕਾ, ਰਿਹਾਇਸ਼ੀ ਸਕੂਲਾਂ ਦੇ ਇਤਿਹਾਸ ਅਤੇ ਵਿਰਾਸਤ ਬਾਰੇ ਜਾਣਦੀਆਂ ਹਨ, ਅਤੇ ਇਹ ਵੀ ਕਿ ਰਿਹਾਇਸ਼ੀ ਸਕੂਲ ਦੇ ਸਾਬਕਾ ਵਿਦਿਆਰਥੀਆਂ, ਉਹਨਾਂ ਦੇ ਪਰਿਵਾਰਾਂ ਅਤੇ ਭਾਈਚਾਰਿਆਂ ਤੋਂ ਮੁਆਫੀ ਕਿਉਂ ਜ਼ਰੂਰੀ ਸੀ।

60. ਅਸੀਂ ਸੈਟਲਮੈਂਟ ਸਮਝੌਤੇ ਵਿੱਚ ਗਿਰਜਾਘਰ ਦੀਆਂ ਧਿਰਾਂ ਦੇ ਲੀਡਰਾਂ ਅਤੇ ਹੋਰ ਸਾਰੇ ਵਿਸ਼ਵਾਸਾਂ/ਧਰਮਾਂ ਤੋਂ ਮੂਲਵਾਸੀ ਅਧਿਆਤਮਿਕ ਨੇਤਾਵਾਂ, ਪੀੜ੍ਹਤਾਂ, ਧਰਮ ਸ਼ਾਸਤਰ ਦੇ ਸਕੂਲਾਂ, ਪਾਠਸ਼ਾਲਾਵਾਂ ਅਤੇ ਹੋਰ ਧਾਰਮਿਕ ਸਿਖਲਾਈ ਕੇਂਦਰਾਂ ਦੇ ਸਹਿਯੋਗ ਨਾਲ, ਮੂਲਵਾਸੀ ਅਧਿਆਤਮਿਕਤਾ ਨੂੰ ਆਪਣੇ ਅਧਿਕਾਰ ਵਿਚ ਸਨਮਾਨ ਦੇਣ ਦੀ ਜਰੂਰਤ, ਰਿਹਾਇਸ਼ੀ ਸਕੂਲਾਂ ਦਾ ਇਤਿਹਾਸ ਅਤੇ

ਵਿਰਾਸਤ ਅਤੇ ਉਸ ਪ੍ਰਣਾਲੀ ਵਿੱਚ ਗਿਰਜਾਘਰ ਧਿਰਾਂ ਦੀਆਂ ਭੂਮਿਕਾਵਾਂ, ਮੂਲਵਾਸੀ ਪਰਿਵਾਰਾਂ ਅਤੇ ਭਾਈਚਾਰਿਆਂ ਵਿੱਚ ਧਾਰਮਿਕ ਸੰਘਰਸ਼ ਦਾ ਇਤਿਹਾਸ ਅਤੇ ਵਿਰਾਸਤ ਬਾਰੇ ਵਿਦਿਆਰਥੀ ਪਾਦਰੀਆਂ ਅਤੇ ਮੂਲਵਾਸੀ ਭਾਈਚਾਰਿਆਂ ਵਿੱਚ ਕੰਮ ਕਰਨ ਵਾਲੇ ਸਾਰੇ ਪਾਦਰੀਆਂ ਅਤੇ ਸਟਾਫ ਲਈ ਪਾਠਕ੍ਰਮ ਵਿਕਸਿਤ ਕਰਨ ਅਤੇ ਸਿਖਾਉਣ ਦੀ ਮੰਗ ਕਰਦੇ ਹਾਂ, ਅਤੇ ਗਿਰਜਾਘਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਅਜਿਹੇ ਸੰਘਰਸ਼ਾਂ ਨੂੰ ਘੱਟ ਕਰੇ ਅਤੇ ਅਧਿਆਤਮਿਕ ਹਿੰਸਾ ਨੂੰ ਰੋਕੇ।

61. ਅਸੀਂ ਸੈਟਲਮੈਂਟ ਦੇ ਇਕਰਾਰਨਾਮੇ ਵਿੱਚ ਗਿਰਜਾਘਰ ਦੀਆਂ ਧਿਰਾਂ ਨੂੰ ਪੀੜ੍ਹਤਾਂ ਅਤੇ ਮੂਲਵਾਸੀ ਸੰਗਠਨਾਂ ਦੇ ਨੁਮਾਇੰਦਿਆਂ ਦੇ ਸਹਿਯੋਗ ਨਾਲ ਹੇਠ ਲਿਖੇ ਵਾਸਤੇ ਮੂਲਵਾਸੀ ਲੋਕਾਂ ਲਈ ਸਥਾਈ ਫੰਡ ਸਥਾਪਤ ਕਰਨ ਦੀ ਮੰਗ ਕਰਦੇ ਹਾਂ:

i. ਉਪਚਾਰ ਅਤੇ ਸੁਲ੍ਹਾ ਸੰਬੰਧੀ ਭਾਈਚਾਰੇ ਵੱਲੋਂ ਨਿਯੰਤਰਿਤ ਪ੍ਰੋਜੈਕਟ।
ii. ਸੱਭਿਆਚਾਰ ਅਤੇ ਭਾਸ਼ਾ ਨੂੰ ਮੁੜ ਸੁਰਜੀਤ ਕਰਨ ਲਈ ਭਾਈਚਾਰੇ ਵੱਲੋਂ ਨਿਯੰਤਰਿਤ ਪ੍ਰੋਜੈਕਟ।
iii. ਸਿੱਖਿਆ ਅਤੇ ਰਿਸ਼ਤੇ ਬਣਾਉਣ ਲਈ ਭਾਈਚਾਰੇ ਵੱਲੋਂ ਨਿਯੰਤਰਿਤ ਪ੍ਰੋਜੈਕਟ।
iv. ਮੂਲਵਾਸੀ ਅਧਿਆਤਮਿਕਤਾ, ਸਵੈ-ਨਿਰਣੇ ਅਤੇ ਮੇਲ ਮਿਲਾਪ ਬਾਰੇ ਚਰਚਾ ਕਰਨ ਲਈ ਮੂਲਵਾਸੀ ਅਧਿਆਤਮਿਕ ਨੇਤਾਵਾਂ ਅਤੇ ਨੌਜਵਾਨਾਂ ਲਈ ਖੇਤਰੀ ਸੰਵਾਦ।

## ਮੇਲ-ਮਿਲਾਪ ਲਈ ਸਿੱਖਿਆ

62. ਅਸੀਂ ਫੈਡਰਲ, ਸੂਬਾ, ਅਤੇ ਖੇਤਰੀ ਸਰਕਾਰਾਂ ਨੂੰ, ਪੀੜ੍ਹਤਾਂ, ਮੂਲਵਾਸੀ ਲੋਕਾਂ, ਅਤੇ ਸਿੱਖਿਅਕਾਂ ਦੇ ਨਾਲ ਸਲਾਹ-ਮਸ਼ਵਰੇ ਅਤੇ ਸਹਿਯੋਗ ਨਾਲ ਇਹ ਕਰਨ ਦਾ ਸੱਦਾ ਦਿੰਦੇ ਹਾਂ:

i. ਰਿਹਾਇਸ਼ੀ ਸਕੂਲਾਂ, ਸੰਧੀਆਂ, ਅਤੇ ਕੈਨੇਡਾ ਲਈ ਮੂਲਵਾਸੀ ਲੋਕਾਂ ਦੇ ਇਤਿਹਾਸਕ ਅਤੇ ਸਮਕਾਲੀ ਯੋਗਦਾਨਾਂ ਬਾਰੇ ਉਮਰ-ਮੁਤਾਬਕ ਪਾਠਕ੍ਰਮ ਨੂੰ ਬਾਲਵਾੜੀ ਤੋਂ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਲਈ ਇੱਕ ਲਾਜ਼ਮੀ ਸਿੱਖਿਆ ਵੱਜੋਂ ਪੇਸ਼ ਕਰੋ।
ii. ਮੂਲਵਾਸੀ ਗਿਆਨ ਅਤੇ ਸਿੱਖਿਆ ਦੀਆਂ ਵਿਧੀਆਂ ਨੂੰ ਕਲਾਸਾਂ ਵਿੱਚ ਕਿਸ ਤਰ੍ਹਾਂ ਸ਼ਾਮਲ ਕਰਨਾ ਹੈ, ਅਧਿਆਪਕਾਂ ਨੂੰ ਇਸ ਬਾਰੇ ਸਿੱਖਿਅਤ ਕਰਨ ਲਈ ਪੋਸਟ-ਸੈਕੰਡਰੀ ਸੰਸਥਾਵਾਂ ਨੂੰ ਲੋੜੀਂਦੇ ਫੰਡ ਪ੍ਰਦਾਨ ਕਰੋ।
iii. ਕਲਾਸਾਂ ਵਿੱਚ ਮੂਲਵਾਸੀ ਗਿਆਨ ਅਤੇ ਸਿੱਖਿਆ ਵਿਧੀਆਂ ਦੀ ਵਰਤੋਂ ਕਰਨ ਲਈ ਮੂਲਵਾਸੀ ਸਕੂਲਾਂ ਨੂੰ ਲੋੜੀਂਦੇ ਫੰਡ ਪ੍ਰਦਾਨ ਕਰੋ।
iv. ਸਿੱਖਿਆ ਵਿੱਚ ਮੂਲਵਾਸੀ ਸਾਮਗਰੀ ਨੂੰ ਸਮਰਪਿਤ ਸਹਾਇਕ ਉੱਪ ਮੰਤਰੀ ਪੱਧਰ ਜਾਂ ਇਸ ਤੋਂ ਉੱਚ ਪੱਧਰ ’ਤੇ ਸਰਕਾਰ ਵਿੱਚ ਸੀਨੀਅਰ-ਪੱਧਰੀ ਅਹੁਦਿਆਂ ਦੀ ਸਥਾਪਨਾ ਕਰੋ।

63. ਅਸੀਂ ਕੈਨੇਡਾ ਦੀ ਸਿੱਖਿਆ ਮੰਤਰੀ ਕੌਂਸਲ ਤੋਂ ਮੂਲਵਾਸੀ ਸਿੱਖਿਆ ਦੇ ਮੁੱਦਿਆਂ ਲਈ ਸਾਲਾਨਾ ਵਚਨਬੱਧਤਾ ਕਾਇਮ ਰੱਖਣ ਦੀ ਮੰਗ ਕਰਦੇ ਹਾਂ, ਜਿਸ ਵਿੱਚ ਹੇਠ ਲਿਖਿਆ ਸ਼ਾਮਲ ਹੈ:

i. ਕੈਨੇਡੀਅਨ ਇਤਿਹਾਸ ਵਿੱਚ ਮੂਲਵਾਸੀ ਲੋਕਾਂ, ਅਤੇ ਰਿਹਾਇਸ਼ੀ ਸਕੂਲਾਂ ਦੇ ਇਤਿਹਾਸ ਅਤੇ ਵਿਰਾਸਤ ਬਾਰੇ ਬਾਲਵਾੜੀ ਤੋਂ ਬਾਰ੍ਹਵੀਂ ਜਮਾਤ ਦੇ ਪਾਠਕ੍ਰਮ ਅਤੇ ਸਿੱਖਣ ਦੇ ਸਰੋਤਾਂ ਨੂੰ ਵਿਕਸਤ ਅਤੇ ਲਾਗੂ ਕਰਨਾ।

ii. ਰਿਹਾਇਸ਼ੀ ਸਕੂਲਾਂ ਅਤੇ ਮੂਲਵਾਸੀ ਇਤਿਹਾਸ ਨਾਲ ਸਬੰਧਤ ਪਾਠਕ੍ਰਮ ਨੂੰ ਪੜ੍ਹਾਉਣ ਬਾਰੇ ਜਾਣਕਾਰੀ ਅਤੇ ਵਧੀਆ ਅਭਿਆਸਾਂ ਨੂੰ ਸਾਂਝਾ ਕਰਨਾ।

iii. ਅੰਤਰ-ਸੱਭਿਆਚਾਰਕ ਸਮਝ, ਹਮਦਰਦੀ, ਅਤੇ ਆਪਸੀ ਸਤਿਕਾਰ ਲਈ ਵਿਦਿਆਰਥੀਆਂ ਦੀ ਸਮਰੱਥਾ ਦਾ ਨਿਰਮਾਣ ਕਰਨਾ।

iv. ਉਪਰੋਕਤ ਨਾਲ ਸਬੰਧਤ ਅਧਿਆਪਕ-ਸਿਖਲਾਈ ਦੀਆਂ ਲੋੜਾਂ ਦੀ ਪਹਿਚਾਣ ਕਰਨਾ।

64. ਅਸੀਂ ਸਾਰੇ ਪੱਧਰਾਂ ਦੀਆਂ ਸਰਕਾਰਾਂ ਤੋਂ ਮੰਗ ਕਰਦੇ ਹਾਂ ਜੋ ਸੰਪ੍ਰਦਾਇਕ (ਧਾਰਮਿਕ) ਸਕੂਲਾਂ ਨੂੰ ਜਨਤਕ ਫੰਡ ਪ੍ਰਦਾਨ ਕਰਦੇ ਹਨ, ਕਿ ਉਹ ਅਜਿਹੇ ਸਕੂਲਾਂ ਨੂੰ ਤੁਲਨਾਤਮਕ ਧਾਰਮਿਕ ਅਧਿਐਨਾਂ ਤੇ ਸਿੱਖਿਆ ਪ੍ਰਦਾਨ ਕਰਨ ਬਾਰੇ ਕਹਿਣ, ਜਿਸ ਵਿੱਚ ਮੂਲਵਾਸੀ ਬਜ਼ੁਰਗਾਂ ਦੇ ਸਹਿਯੋਗ ਨਾਲ ਵਿਕਸਿਤ ਕੀਤੀਆਂ ਗਈਆਂ ਮੂਲਵਾਸੀ ਅਧਿਆਤਮਿਕ ਮਾਨਤਾਵਾਂ ਅਤੇ ਪ੍ਰਥਾਵਾਂ ਬਾਰੇ ਵੀ ਇੱਕ ਭਾਗ ਸ਼ਾਮਲ ਹੋਣਾ ਚਾਹੀਦਾ ਹੈ।

65. ਅਸੀਂ ਫੈਡਰਲ ਸਰਕਾਰ ਤੋਂ ਸਮਾਜਿਕ ਵਿਗਿਆਨ ਅਤੇ ਮਾਨਵੀ ਗਿਆਨ ਰਿਸਰਚ ਕੌਂਸਲ ਰਾਹੀਂ, ਅਤੇ ਮੂਲਵਾਸੀ ਲੋਕਾਂ, ਪੋਸਟ-ਸੈਕੰਡਰੀ ਸੰਸਥਾਵਾਂ ਅਤੇ ਸਿੱਖਿਅਕਾਂ, ਅਤੇ ਨੈਸ਼ਨਲ ਸੈਂਟਰ ਫਾਰ ਟਰੂਥ ਐਂਡ ਰੀਕੋਨਸੀਲੀਏਸ਼ਨ ਅਤੇ ਇਸ ਦੀਆਂ ਭਾਈਵਾਲ ਸੰਸਥਾਵਾਂ ਦੇ ਸਹਿਯੋਗ ਨਾਲ, ਸੁਲ੍ਹਾ ਦੀ ਸਮਝ ਨੂੰ ਅੱਗੇ ਵਧਾਉਣ ਲਈ ਬਹੁ ਸਾਲਾ ਫੰਡਿੰਗ ਦੇ ਨਾਲ ਇੱਕ ਰਾਸ਼ਟਰੀ ਰਿਸਰਚ ਪ੍ਰੋਗਰਾਮ ਸਥਾਪਤ ਕਰਨ ਦੀ ਮੰਗ ਕਰਦੇ ਹਾਂ।

## ਯੂਥ ਪ੍ਰੋਗਰਾਮ

66. ਅਸੀਂ ਫੈਡਰਲ ਸਰਕਾਰ ਤੋਂ ਮੇਲ-ਮਿਲਾਪ ਉੱਪਰ ਪ੍ਰੋਗਰਾਮ ਪ੍ਰਦਾਨ ਕਰਨ ਲਈ ਕਮਿਊਨਿਟੀ-ਅਧਾਰਤ ਨੌਜਵਾਨ ਸੰਸਥਾਵਾਂ ਦੇ ਲਈ ਬਹੁ-ਸਾਲਾ ਫੰਡਿੰਗ ਸਥਾਪਤ ਕਰਨ, ਅਤੇ ਜਾਣਕਾਰੀ ਤੇ ਸਭ ਤੋਂ ਵਧੀਆ ਅਭਿਆਸਾਂ ਨੂੰ ਸਾਂਝਾ ਕਰਨ ਲਈ ਰਾਸ਼ਟਰੀ ਨੈੱਟਵਰਕ ਸਥਾਪਤ ਕਰਨ ਦੀ ਮੰਗ ਕਰਦੇ ਹਾਂ।

## ਅਜਾਇਬ ਘਰ ਅਤੇ ਆਰਕਾਇਵਜ਼ (ਪੁਰਾਲੇਖ)

67. ਅਸੀਂ ਫੈਡਰਲ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਹ ਕੈਨੇਡੀਅਨ ਮਿਊਜ਼ੀਅਮ ਐਸੋਸੀਏਸ਼ਨ ਨੂੰ ਮੂਲਵਾਸੀ ਲੋਕਾਂ ਦੇ ਸਹਿਯੋਗ ਨਾਲ ਅਜਾਇਬ ਘਰ ਦੀਆਂ ਨੀਤੀਆਂ ਦੀ ਰਾਸ਼ਟਰੀ ਸਮੀਖਿਆ ਅਤੇ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਘੋਸ਼ਣਾ ਪੱਤਰ ਦੀ ਪਾਲਣਾ ਦੇ ਪੱਧਰ ਨੂੰ ਨਿਰਧਾਰਤ ਕਰਨ ਦੇ ਸਭ ਤੋਂ ਵਧੀਆ ਅਭਿਆਸ ਅਤੇ ਸਿਫ਼ਾਰਸ਼ਾਂ ਕਰਨ ਲਈ ਫੰਡ ਮੁਹੱਈਆ ਕਰਵਾਏ।

68. ਅਸੀਂ ਫੈਡਰਲ ਸਰਕਾਰ ਤੋਂ ਮੂਲਵਾਸੀ ਲੋਕਾਂ ਅਤੇ ਕੈਨੇਡੀਅਨ ਮਿਊਜ਼ੀਅਮ ਐਸੋਸੀਏਸ਼ਨ ਦੇ ਸਹਿਯੋਗ ਨਾਲ 2017 ਵਿੱਚ ਕੈਨੇਡੀਅਨ ਕਨਫੈਡਰੇਸ਼ਨ *(ਬ੍ਰਿਟਿਸ਼ ਉੱਤਰੀ ਅਮਰੀਕਾ ਦੇ ਤਿੰਨ ਸੂਬਿਆਂ - ਕੈਨੇਡਾ, ਨੋਵਾ ਸਕੋਸ਼ੀਆ, ਅਤੇ ਨਿਊ ਬਰੰਜ਼ਵਿਕ - ਇੱਕ ਸੰਗਠਨ ਵਿੱਚ ਇੱਕਜੁੱਟ ਹੋ ਗਏ ਸਨ)* ਦੀ 150ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਮੇਲ-ਮਿਲਾਪ ਦੇ ਵਿਸ਼ੇ 'ਤੇ ਯਾਦਗਾਰੀ ਪ੍ਰੋਜੈਕਟਾਂ ਲਈ ਇੱਕ ਸਮਰਪਿਤ ਰਾਸ਼ਟਰੀ ਫੰਡਿੰਗ ਪ੍ਰੋਗਰਾਮ ਸਥਾਪਤ ਕਰਨ ਦੀ ਮੰਗ ਕਰਦੇ ਹਾਂ।

69. ਅਸੀਂ ਲਾਇਬ੍ਰੇਰੀ ਅਤੇ ਆਰਕਾਈਵਜ਼ ਕੈਨੇਡਾ ਤੋਂ ਮੰਗ ਕਰਦੇ ਹਾਂ ਕਿ:

i. ਰਿਹਾਇਸ਼ੀ ਸਕੂਲਾਂ ਵਿੱਚ ਮੂਲਵਾਸੀ ਲੋਕਾਂ ਵਿਰੁੱਧ ਕੀਤੇ ਗਏ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਸੰਬੰਧ ਵਿੱਚ ਕੀ ਹੋਇਆ ਅਤੇ ਕਿਉਂ ਹੋਇਆ, ਇਸ ਬਾਰੇ ਸੱਚ ਜਾਨਣ ਦੇ ਮੂਲਵਾਸੀ ਲੋਕਾਂ ਦੇ ਅਟੁੱਟ ਅਧਿਕਾਰਾਂ ਨਾਲ ਸੰਬੰਧਤ *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਘੋਸ਼ਣਾ ਪੱਤਰ* ਅਤੇ ਸੰਯੁਕਤ ਰਾਸ਼ਟਰ ਦੇ ਜੋਏਨਿਤ-ਓਰੈਂਤਲਿੱਚਰ (Joinet-Orentlicher) ਸਿਧਾਂਤਾਂ ਨੂੰ ਪੂਰੀ ਤਰ੍ਹਾਂ ਅਪਣਾਇਆ ਅਤੇ ਲਾਗੂ ਕੀਤਾ ਜਾਵੇ।

   *(ਜੋਏਨਿਤ-ਓਰੈਂਤਲਿੱਚਰ ਸਿਧਾਂਤ: ਜਿਹੜੇ ਲੋਕ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸ਼ਿਕਾਰ ਹੋਏ ਹਨ, ਉਹਨਾਂ ਨੂੰ ਇੱਕ ਪ੍ਰਭਾਵਸ਼ਾਲੀ ਉਪਚਾਰ ਦੇ ਆਪਣੇ ਅਧਿਕਾਰ ਦੇ ਹਿੱਸੇ ਵਜੋਂ, ਸੱਚ ਜਾਣਨ ਦਾ ਅਧਿਕਾਰ ਹੈ। ਅੰਤਰਰਾਸ਼ਟਰੀ ਕਾਨੂੰਨ ਵਿੱਚ ਸੱਚ ਜਾਣਨ ਦੇ ਅਧਿਕਾਰ ਦਾ ਸਭ ਤੋਂ ਵੱਧ ਜ਼ਿਕਰ ਜ਼ਬਰਦਸਤੀ ਗਾਇਬ ਕੀਤੇ ਜਾਣ ਅਤੇ ਸਜ਼ਾ ਤੋਂ ਬਚਣ ਲਈ ਕਾਰਵਾਈ ਦੇ ਸਬੰਧ ਵਿੱਚ ਕੀਤਾ ਜਾਂਦਾ ਹੈ। ਇਹ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਘੋਸ਼ਣਾ ਪੱਤਰ ਵਿੱਚ ਦਰਜ ਹੈ, ਅਤੇ ਸਜ਼ਾ ਤੋਂ ਮੁਕਤੀ ਦੀ ਕਾਰਵਾਈ ਦੇ ਜ਼ਰੀਏ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਅਤੇ ਪ੍ਰਚਾਰ ਲਈ ਸਿਧਾਂਤਾ ਦੇ ਅਪਡੇਟ ਕੀਤੇ ਗਏ ਸੈੱਟ (2005) ਵਿੱਚ, ਜਿਸ ਨੂੰ ਆਮ ਤੌਰ 'ਤੇ ਜੋਏਨਿਤ-ਓਰੈਂਤਲਿੱਚਰ* (Joinet-Orentlicher) *ਸਿਧਾਂਤ ਵਜੋਂ ਜਾਣਿਆ ਜਾਂਦਾ ਹੈ।)*

ii. ਇਹ ਯਕੀਨੀ ਬਣਾਇਆ ਜਾਵੇ ਕਿ ਰਿਹਾਇਸ਼ੀ ਸਕੂਲਾਂ ਨਾਲ ਸੰਬੰਧਤ ਇਸਦੇ ਰਿਕਾਰਡ ਜਨਤਾ ਲਈ ਪਹੁੰਚਯੋਗ ਹੋਣ।

iii. ਆਪਣੀ ਪਬਲਿਕ ਸਿੱਖਿਆ ਸਮੱਗਰੀ ਅਤੇ ਰਿਹਾਇਸ਼ੀ ਸਕੂਲਾਂ ਉੱਪਰ ਪ੍ਰੋਗਰਾਮਿੰਗ ਲਈ ਹੋਰ ਸਰੋਤ ਸਮਰਪਿਤ ਕਰੋ।

70. ਅਸੀਂ ਫੈਡਰਲ ਸਰਕਾਰ ਤੋਂ ਕੈਨੇਡੀਅਨ ਐਸੋਸੀਏਸ਼ਨ ਆਫ਼ ਆਰਕਾਈਵਿਸਟ ਵੱਲੋਂ ਮੂਲਵਾਸੀ ਲੋਕਾਂ ਦੇ ਸਹਿਯੋਗ ਨਾਲ ਆਰਕਾਈਵਲ ਨੀਤੀਆਂ ਅਤੇ ਸਰਵੋਤਮ ਅਭਿਆਸਾਂ ਦੀ ਰਾਸ਼ਟਰੀ ਸਮੀਖਿਆ ਸ਼ੁਰੂ ਕਰਨ ਲਈ ਫੰਡ ਪ੍ਰਦਾਨ ਕਰਨ ਦੀ ਮੰਗ ਕਰਦੇ ਹਾਂ, ਕਿ:

i. ਰਿਹਾਇਸ਼ੀ ਸਕੂਲਾਂ ਵਿੱਚ ਮੂਲਵਾਸੀ ਲੋਕਾਂ ਵਿਰੁੱਧ ਕੀਤੇ ਗਏ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਸੰਬੰਧ ਵਿੱਚ ਕੀ ਹੋਇਆ ਅਤੇ ਕਿਉਂ ਹੋਇਆ, ਇਸ ਬਾਰੇ ਸੱਚ ਜਾਨਣ ਦੇ ਮੂਲਵਾਸੀ ਲੋਕਾਂ ਦੇ ਅਟੁੱਟ ਅਧਿਕਾਰਾਂ ਨਾਲ ਸੰਬੰਧਤ *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਘੋਸ਼ਣਾ ਪੱਤਰ ਅਤੇ ਸੰਯੁਕਤ ਰਾਸ਼ਟਰ ਦੇ ਜੋਏਨਿਤ-ਓਰੈਂਤਲਿੱਚਰ* ਸਿਧਾਂਤਾਂ ਦੀ ਪਾਲਣਾ ਦਾ ਪੱਧਰ ਨਿਰਧਾਰਤ ਹੋਵੇ।

ii. ਕੈਨੇਡੀਅਨ ਆਰਕਾਈਵਜ਼ ਲਈ ਸੁਲ੍ਹਾ-ਸਫਾਈ ਦੇ ਢਾਂਚੇ ਵਜੋਂ ਇਹਨਾਂ ਅੰਤਰਰਾਸ਼ਟਰੀ ਤਰੀਕਿਆਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਸਿਫ਼ਾਰਸ਼ਾਂ ਦੇ ਨਾਲ ਇੱਕ ਰਿਪੋਰਟ ਤਿਆਰ ਕਰੋ।

## ਲਾਪਤਾ ਬੱਚੇ ਅਤੇ ਦਫ਼ਨਾਉਣ ਸੰਬੰਧੀ ਜਾਣਕਾਰੀ

71. ਅਸੀਂ ਉਨ੍ਹਾਂ ਸਾਰੇ ਮੁੱਖ ਕੋਰੋਨਰਾਂ (ਹਿੰਸਕ, ਅਚਾਨਕ, ਜਾਂ ਸ਼ੱਕੀ ਮੌਤਾਂ ਦੀ ਜਾਂਚ ਕਰਨ ਵਾਲਾ ਅਧਿਕਾਰੀ) ਅਤੇ ਸੂਬੇ ਦੀਆਂ ਮਹੱਤਵਪੂਰਨ ਅੰਕੜੇ ਇਕੱਠੇ ਕਰਨ ਵਾਲੀਆਂ (ਸਟੈਟਿਸਟਿਕਸ) ਏਜੰਸੀਆਂ ਨੂੰ, ਜਿਨ੍ਹਾਂ ਨੇ ਕੈਨੇਡਾ ਦੇ ਸੱਚ ਅਤੇ ਸੁਲ੍ਹਾ ਕਮਿਸ਼ਨ ਨੂੰ ਰਿਹਾਇਸ਼ੀ ਸਕੂਲ ਅਧਿਕਾਰੀਆਂ ਦੀ ਦੇਖਭਾਲ ਵਿੱਚ ਮੂਲਵਾਸੀ ਬੱਚਿਆਂ ਦੀਆਂ ਹੋਈਆਂ ਮੌਤਾਂ ਬਾਰੇ ਆਪਣੇ ਰਿਕਾਰਡ ਮੁਹੱਈਆ ਨਹੀਂ ਕਰਵਾਏ ਹਨ, ਇਹਨਾਂ ਦਸਤਾਵੇਜ਼ਾਂ ਨੂੰ ਨੈਸ਼ਨਲ ਸੈਂਟਰ ਫਾਰ ਟਰੂਥ ਐਂਡ ਰੀਕੰਸੀਲੀਏਸ਼ਨ ਨੂੰ ਉਪਲਬਧ ਕਰਵਾਉਣ ਦੀ ਮੰਗ ਕਰਦੇ ਹਾਂ।

72. ਅਸੀਂ ਫੈਡਰਲ ਸਰਕਾਰ ਤੋਂ ਰਾਸ਼ਟਰੀ ਸੱਚ ਅਤੇ ਸੁਲ੍ਹਾ ਕੇਂਦਰ ਲਈ ਲੋੜੀਂਦੇ ਸਰੋਤ ਜਾਰੀ ਕਰਨ ਦੀ ਮੰਗ ਕਰਦੇ ਹਾਂ ਤਾਂ ਜੋ ਕੈਨੇਡਾ ਦੇ ਸੱਚ ਅਤੇ ਸੁਲ੍ਹਾ ਕਮਿਸ਼ਨ ਦੁਆਰਾ ਸਥਾਪਿਤ ਨੈਸ਼ਨਲ ਰੈਜ਼ੀਡੈਂਸ਼ੀਅਲ ਸਕੂਲ ਸਟੂਡੈਂਟ ਡੈੱਥ ਰਜਿਸਟਰ ਨੂੰ ਵਿਕਸਤ ਕਰਨ ਅਤੇ ਬਣਾਈ ਰੱਖਣ ਦੀ ਇਜਾਜ਼ਤ ਦਿੱਤੀ ਜਾ ਸਕੇ।

73. ਅਸੀਂ ਫੈਡਰਲ ਸਰਕਾਰ ਤੋਂ ਰਿਹਾਇਸ਼ੀ ਸਕੂਲ ਕਬਰਸਤਾਨਾਂ ਦੀ ਇੱਕ ਔਨਲਾਈਨ ਰਜਿਸਟਰੀ ਸਥਾਪਤ ਕਰਨ ਅਤੇ ਇਸ ਨੂੰ ਕਾਇਮ ਰੱਖਣ ਲਈ ਗਿਰਜਾਘਰਾਂ, ਮੂਲਵਾਸੀ ਭਾਈਚਾਰਿਆਂ, ਅਤੇ

ਰਿਹਾਇਸ਼ੀ ਸਕੂਲ ਦੇ ਸਾਬਕਾ ਵਿਦਿਆਰਥੀਆਂ ਨਾਲ ਕੰਮ ਕਰਨ ਦੀ ਮੰਗ ਕਰਦੇ ਹਾਂ, ਅਤੇ ਜਿੱਥੇ ਸੰਭਵ ਹੋਵੇ, ਰਿਹਾਇਸ਼ੀ ਸਕੂਲ ਦੇ ਮ੍ਰਿਤਕ ਬੱਚਿਆਂ ਦੀ ਜਗ੍ਹਾ ਨੂੰ ਦਰਸਾਉਣ ਵਾਲੇ ਪਲਾਟ ਨਕਸ਼ੇ ਸ਼ਾਮਲ ਹੋਣ।

74. ਰਿਹਾਇਸ਼ੀ ਸਕੂਲਾਂ ਵਿੱਚ ਮਰਨ ਵਾਲੇ ਬੱਚਿਆਂ ਦੇ ਪਰਿਵਾਰਾਂ ਨੂੰ ਬੱਚੇ ਦੇ ਦਫ਼ਨਾਉਣ ਦੇ ਸਥਾਨ ਬਾਰੇ ਸੂਚਿਤ ਕਰਨ ਲਈ ਅਸੀਂ ਫੈਡਰਲ ਸਰਕਾਰ ਤੋਂ ਗਿਰਜਾਘਰਾਂ ਅਤੇ ਮੂਲਵਾਸੀ ਭਾਈਚਾਰੇ ਦੇ ਨੇਤਾਵਾਂ ਨਾਲ ਕੰਮ ਕਰਨ ਲਈ ਮੰਗ ਕਰਦੇ ਹਾਂ, ਅਤੇ ਉਚਿਤ ਯਾਦਗਾਰੀ ਸਮਾਰੋਹਾਂ ਅਤੇ ਦਿਨਾਂ ਲਈ ਪਰਿਵਾਰਾਂ ਦੀਆਂ ਇੱਛਾਵਾਂ ਦਾ ਜਵਾਬ ਦੇਣਾ, ਅਤੇ ਜਿੱਥੇ ਬੇਨਤੀ ਕੀਤੀ ਗਈ ਹੈ ਉਥੇ ਘਰੇਲੂ ਭਾਈਚਾਰਿਆਂ ਵਿੱਚ ਮੁੜ ਦਫ਼ਨਾਉਣਾ।

75. ਅਸੀਂ ਫੈਡਰਲ ਸਰਕਾਰ ਤੋਂ ਸੂਬਾ, ਖੇਤਰੀ, ਅਤੇ ਮਿਉਂਸਪਲ ਸਰਕਾਰਾਂ, ਗਿਰਜਾਘਰਾਂ, ਮੂਲਵਾਸੀ ਭਾਈਚਾਰਿਆਂ, ਰਿਹਾਇਸ਼ੀ ਸਕੂਲਾਂ ਦੇ ਸਾਬਕਾ ਵਿਦਿਆਰਥੀਆਂ, ਅਤੇ ਜ਼ਮੀਨ ਦੇ ਮੌਜੂਦਾ ਮਾਲਕਾਂ ਨਾਲ ਰਿਹਾਇਸ਼ੀ ਸਕੂਲ ਦੇ ਕਬਰਸਤਾਨ ਜਾਂ ਹੋਰ ਸਾਈਟਾਂ ਜਿੱਥੇ ਰਿਹਾਇਸ਼ੀ ਸਕੂਲ ਦੇ ਬੱਚਿਆਂ ਨੂੰ ਦਫ਼ਨਾਇਆ ਗਿਆ ਸੀ, ਉਸ ਸੰਬੰਧੀ ਚੱਲ ਰਹੀ ਪਹਿਚਾਣ, ਦਸਤਾਵੇਜੀਕਰਨ, ਰੱਖ-ਰਖਾਵ, ਯਾਦਗਾਰ, ਅਤੇ ਸੁਰੱਖਿਆ ਲਈ ਰਣਨੀਤੀਆਂ ਅਤੇ ਪ੍ਰਕਿਰਿਆਵਾਂ ਵਿਕਸਿਤ ਕਰਨ ਅਤੇ ਲਾਗੂ ਕਰਨ ਦੀ ਮੰਗ ਕਰਦੇ ਹਾਂ। ਇਸ ਵਿੱਚ ਮ੍ਰਿਤਕ ਬੱਚਿਆਂ ਦੇ ਸਨਮਾਨ ਲਈ ਢੁਕਵੇਂ ਯਾਦਗਾਰੀ ਸਮਾਰੋਹਾਂ ਅਤੇ ਯਾਦਗਾਰੀ ਚਿੰਨ੍ਹਾਂ ਦਾ ਪ੍ਰਬੰਧ ਕਰਨਾ ਸ਼ਾਮਲ ਹੈ।

76. ਅਸੀਂ ਰਿਹਾਇਸ਼ੀ ਸਕੂਲਾਂ ਦੇ ਕਬਰਸਤਾਨਾਂ ਸੰਬੰਧੀ ਦਸਤਾਵੇਜ਼ ਬਣਾਉਣ, ਸਾਂਭ-ਸੰਭਾਲ ਕਰਨ, ਯਾਦਗਾਰ ਬਣਾਉਣ ਅਤੇ ਸੁਰੱਖਿਅਤ ਕਰਨ ਦੇ ਕੰਮ ਵਿੱਚ ਰੁੱਝੀਆਂ ਧਿਰਾਂ ਨੂੰ ਹੇਠਾਂ ਦਿੱਤੇ ਸਿਧਾਂਤਾਂ ਦੇ ਅਨੁਸਾਰ ਰਣਨੀਤੀਆਂ ਅਪਣਾਉਣ ਲਈ ਕਹਿੰਦੇ ਹਾਂ:

i. ਸਭ ਤੋਂ ਵੱਧ ਪ੍ਰਭਾਵਿਤ ਮੂਲਵਾਸੀ ਭਾਈਚਾਰਾ ਅਜਿਹੀਆਂ ਰਣਨੀਤੀਆਂ ਦੇ ਵਿਕਾਸ ਦੀ ਅਗਵਾਈ ਕਰੇਗਾ।

ii. ਅਜਿਹੀਆਂ ਰਣਨੀਤੀਆਂ ਦੇ ਵਿਕਾਸ ਵਿੱਚ ਰਿਹਾਇਸ਼ੀ ਸਕੂਲ ਦੇ ਪੀੜ੍ਹਤਾਂ ਅਤੇ ਹੋਰ ਗਿਆਨ ਰੱਖਣ ਵਾਲਿਆਂ (ਸਿਆਣਿਆਂ) ਤੋਂ ਜਾਣਕਾਰੀ ਮੰਗੀ ਜਾਵੇਗੀ।

iii. ਕਬਰਸਤਾਨ ਵਾਲੀ ਥਾਂ 'ਤੇ ਕਿਸੇ ਵੀ ਸੰਭਾਵਤ ਹਮਲਾਵਰ ਤਕਨੀਕੀ ਮੁਆਇਨੇ ਅਤੇ ਜਾਂਚ ਤੋਂ ਪਹਿਲਾਂ ਮੂਲਵਾਸੀ ਪ੍ਰੋਟੋਕੋਲ ਦਾ ਸਨਮਾਨ ਕੀਤਾ ਜਾਵੇਗਾ।

## ਨੈਸ਼ਨਲ ਸੈਂਟਰ ਫਾਰ ਟਰੂਥ ਐਂਡ ਰੀਕੋਨਸੀਲੀਏਸ਼ਨ

77. ਰਿਹਾਇਸ਼ੀ ਸਕੂਲ ਸਿਸਟਮ ਦੇ ਇਤਿਹਾਸ ਅਤੇ ਵਿਰਾਸਤ ਨਾਲ ਸੰਬੰਧਤ ਸਾਰੇ ਰਿਕਾਰਡਾਂ ਦੀ ਪਹਿਚਾਣ ਕਰਨ ਅਤੇ ਉਹਨਾਂ ਦੀਆਂ ਕਾਪੀਆਂ ਨੂੰ ਇਕੱਠਾ ਕਰਨ ਅਤੇ ਇਹਨਾਂ ਨੂੰ ਨੈਸ਼ਨਲ ਸੈਂਟਰ ਫਾਰ ਟਰੂਥ ਐਂਡ ਰੀਕੰਨਸੀਲੀਏਸ਼ਨ ਨੂੰ ਪ੍ਰਦਾਨ ਕਰਨ ਲਈ ਅਸੀਂ ਸੂਬਾ, ਖੇਤਰੀ, ਮਿਊਂਸਪਲ ਅਤੇ ਕਮਿਊਨਿਟੀ ਆਰਕਾਈਵਜ਼ ਨੂੰ ਨੈਸ਼ਨਲ ਸੈਂਟਰ ਫਾਰ ਟਰੂਥ ਐਂਡ ਰੀਕਨਸੀਲੀਏਸ਼ਨ ਦੇ ਨਾਲ ਮਿਲ ਕੇ ਕੰਮ ਕਰਨ ਦੀ ਮੰਗ ਕਰਦੇ ਹਾਂ।

78. ਅਸੀਂ ਕੈਨੇਡਾ ਸਰਕਾਰ ਤੋਂ ਨੈਸ਼ਨਲ ਸੈਂਟਰ ਫਾਰ ਟਰੂਥ ਐਂਡ ਰੀਕੰਸੀਲੀਏਸ਼ਨ ਲਈ ਸੱਤ ਸਾਲਾਂ ਅੰਦਰ 10 ਮਿਲੀਅਨ ਡਾਲਰ ਦੀ ਫੰਡਿੰਗ ਦਾ ਯੋਗਦਾਨ ਦੇਣ ਲਈ ਵਚਨਬੱਧਤਾ ਦੀ ਮੰਗ ਕਰਦੇ ਹਾਂ, ਨਾਲ ਹੀ ਭਾਈਚਾਰਿਆਂ ਨੂੰ ਉਹਨਾਂ ਦੇ ਰਿਹਾਇਸ਼ੀ ਸਕੂਲ ਦੇ ਆਪਣੇ ਤਜਰਬੇ ਅਤੇ ਸੱਚਾਈ, ਠੀਕ ਹੋਣ ਅਤੇ ਸੁਲ੍ਹਾ-ਸਫ਼ਾਈ ਵਿੱਚ ਉਹਨਾਂ ਦੀ ਸ਼ਮੂਲੀਅਤ ਸੰਬੰਧੀ ਖੋਜ ਅਤੇ ਇਤਿਹਾਸ ਤਿਆਰ ਕਰਨ ਵਿੱਚ ਸਹਾਇਤਾ ਕਰਨ ਲਈ ਇੱਕ ਵਾਧੂ ਰਕਮ ਦੀ ਵੀ ਮੰਗ ਕਰਦੇ ਹਾਂ।

### ਯਾਦਗਾਰ

79. ਅਸੀਂ ਫੈਡਰਲ ਸਰਕਾਰ ਤੋਂ ਪੀੜ੍ਹਤਾਂ, ਮੂਲਵਾਸੀ ਸੰਸਥਾਵਾਂ, ਅਤੇ ਕਲਾਕਾਰਾਂ ਦੇ ਸਹਿਯੋਗ ਨਾਲ ਕੈਨੇਡੀਅਨ ਵਿਰਾਸਤ ਅਤੇ ਯਾਦਗਾਰ ਲਈ ਸੁਲ੍ਹਾ-ਸਫਾਈ ਦਾ ਢਾਂਚਾ ਵਿਕਸਤ ਕਰਨ ਦੀ ਮੰਗ ਕਰਦੇ ਹਾਂ। ਜਿਸ ਵਿੱਚ ਹੇਠ ਲਿਖਿਆ ਸ਼ਾਮਲ ਹੋਵੇ, ਪਰ ਇਹ ਇਹਨਾਂ ਤੱਕ ਸੀਮਿਤ ਨਹੀਂ:

i. ਕੈਨੇਡਾ ਦੇ ਇਤਿਹਾਸਕ ਸਥਾਨ ਅਤੇ ਸਮਾਰਕ ਬੋਰਡ ਅਤੇ ਇਸ ਦੇ ਸਕੱਤਰੇਤ ਤੇ ਫਸਟ ਨੇਸ਼ਨਜ਼, ਇਨਯੂਟ, ਅਤੇ ਮੈਟਿਸ ਦੀ ਨੁਮਾਇੰਦਗੀ ਨੂੰ ਸ਼ਾਮਲ ਕਰਨ ਲਈ ਇਤਿਹਾਸਕ ਸਾਈਟਾਂ ਅਤੇ ਸਮਾਰਕ ਐਕਟ ਵਿੱਚ ਸੋਧ ਕਰਨਾ।

ii. ਕੈਨੇਡਾ ਦੀ ਕੌਮੀ ਵਿਰਾਸਤ ਅਤੇ ਇਤਿਹਾਸ ਵਿੱਚ ਮੂਲਵਾਸੀ ਇਤਿਹਾਸ, ਵਿਰਾਸਤੀ ਕਦਰਾਂ-ਕੀਮਤਾਂ ਅਤੇ ਯਾਦ ਰੱਖਣ ਦੇ ਅਭਿਆਸਾਂ ਨੂੰ ਸ਼ਾਮਲ ਕਰਨ ਲਈ ਇਤਿਹਾਸਕ ਯਾਦਗਾਰ ਦੇ ਰਾਸ਼ਟਰੀ ਪ੍ਰੋਗਰਾਮ ਦੀਆਂ ਨੀਤੀਆਂ, ਮਾਪਦੰਡਾਂ ਅਤੇ ਅਭਿਆਸਾਂ ਨੂੰ ਸੋਧਣਾ।

iii. ਰਿਹਾਇਸ਼ੀ ਸਕੂਲਾਂ ਦੀਆਂ ਥਾਵਾਂ, ਰਿਹਾਇਸ਼ੀ ਸਕੂਲਾਂ ਦੇ ਇਤਿਹਾਸ ਅਤੇ ਵਿਰਾਸਤ, ਅਤੇ ਕੈਨੇਡਾ ਦੇ ਇਤਿਹਾਸ ਵਿੱਚ ਮੂਲਵਾਸੀ ਲੋਕਾਂ ਦੇ ਯੋਗਦਾਨ ਨੂੰ ਯਾਦ ਕਰਨ ਲਈ ਇੱਕ ਕੌਮੀ ਵਿਰਾਸਤੀ ਯੋਜਨਾ ਅਤੇ ਰਣਨੀਤੀ ਨੂੰ ਵਿਕਸਤ ਕਰਨਾ ਅਤੇ ਲਾਗੂ ਕਰਨਾ।

80. ਅਸੀਂ ਫੈਡਰਲ ਸਰਕਾਰ ਤੋਂ ਮੂਲਵਾਸੀ ਲੋਕਾਂ ਦੇ ਸਹਿਯੋਗ ਨਾਲ ਪੀੜ੍ਹਤਾਂ, ਉਹਨਾਂ ਦੇ ਪਰਿਵਾਰਾਂ ਅਤੇ ਭਾਈਚਾਰਿਆਂ ਦੇ ਸਨਮਾਨ ਵਿੱਚ ਇਕ ਸਰਕਾਰੀ ਛੁੱਟੀ ਦੇ ਰੂਪ ਵਿੱਚ ਸੱਚ ਅਤੇ ਸੁਲ੍ਹਾ ਲਈ ਇੱਕ ਕੌਮੀ ਦਿਵਸ ਸਥਾਪਤ ਕਰਨ ਦੀ ਮੰਗ ਕਰਦੇ ਹਾਂ, ਅਤੇ ਇਹ ਯਕੀਨੀ ਬਣਾਓ ਕਿ ਰਿਹਾਇਸ਼ੀ ਸਕੂਲਾਂ ਦੇ ਇਤਿਹਾਸ ਅਤੇ ਵਿਰਾਸਤ ਦੀ ਜਨਤਕ ਯਾਦਗਾਰ ਸੁਲ੍ਹਾ-ਸਫਾਈ ਦੀ ਪ੍ਰਕਿਰਿਆ ਦਾ ਇੱਕ ਮਹੱਤਵਪੂਰਨ ਹਿੱਸਾ ਬਣੀ ਰਹੇ।

81. ਅਸੀਂ ਫੈਡਰਲ ਸਰਕਾਰ ਤੋਂ ਪੀੜ੍ਹਤਾਂ ਅਤੇ ਉਹਨਾਂ ਦੀਆਂ ਸੰਸਥਾਵਾਂ ਅਤੇ ਸੈਟਲਮੈਂਟ ਸਮਝੌਤੇ ਦੀਆਂ ਹੋਰਨਾ ਧਿਰਾਂ ਦੇ ਸਹਿਯੋਗ ਨਾਲ ਪੀੜ੍ਹਤਾਂ ਅਤੇ ਆਪਣੇ ਪਰਿਵਾਰਾਂ ਅਤੇ ਭਾਈਚਾਰੇ ਤੋਂ ਗਵਾਚ ਗਏ ਸਾਰੇ ਬੱਚਿਆਂ ਦੇ ਸਨਮਾਨ ਵਿੱਚ ਓਟਾਵਾ ਸ਼ਹਿਰ ਅੰਦਰ ਜਨਤਕ ਤੌਰ 'ਤੇ ਪਹੁੰਚਯੋਗ ਅਤੇ ਬਹੁਤ ਜ਼ਿਆਦਾ ਦਿਖਣਯੋਗ ਰਿਹਾਇਸ਼ੀ ਸਕੂਲਾਂ ਦੇ ਰਾਸ਼ਟਰੀ ਸਮਾਰਕ ਨੂੰ ਬਨਵਾਉਣ ਅਤੇ ਸਥਾਪਿਤ ਕਰਨ ਦੀ ਮੰਗ ਕਰਦੇ ਹਾਂ।

82. ਅਸੀਂ ਫੈਡਰਲ ਸਰਕਾਰ ਤੋਂ ਪੀੜ੍ਹਤਾਂ ਅਤੇ ਉਹਨਾਂ ਦੀਆਂ ਸੰਸਥਾਵਾਂ ਅਤੇ ਸੈਟਲਮੈਂਟ ਸਮਝੌਤੇ ਦੀਆਂ ਹੋਰਨਾ ਧਿਰਾਂ ਦੇ ਸਹਿਯੋਗ ਨਾਲ ਪੀੜ੍ਹਤਾਂ ਅਤੇ ਆਪਣੇ ਪਰਿਵਾਰਾਂ ਅਤੇ ਭਾਈਚਾਰੇ ਤੋਂ ਗਵਾਚ ਗਏ ਸਾਰੇ ਬੱਚਿਆਂ ਦੇ ਸਨਮਾਨ ਵਿੱਚ ਹਰ ਰਾਜਧਾਨੀ ਸ਼ਹਿਰ ਅੰਦਰ ਜਨਤਕ ਤੌਰ 'ਤੇ ਪਹੁੰਚਯੋਗ ਅਤੇ ਬਹੁਤ ਜ਼ਿਆਦਾ ਦਿਖਣਯੋਗ ਰਿਹਾਇਸ਼ੀ ਸਕੂਲਾਂ ਦੇ ਰਾਸ਼ਟਰੀ ਸਮਾਰਕ ਨੂੰ ਬਨਵਾਉਣ ਅਤੇ ਸਥਾਪਿਤ ਕਰਨ ਦੀ ਮੰਗ ਕਰਦੇ ਹਾਂ।

83. ਅਸੀਂ ਕੈਨੇਡਾ ਕਾਉਂਸਿਲ ਫਾਰ ਦੀ ਆਰਟਸ ਤੋਂ, ਫੰਡਿੰਗ ਦੀ ਪ੍ਰਾਥਮਿਕਤਾ ਦੇ ਰੂਪ ਵਿੱਚ, ਮੂਲਵਾਸੀ ਅਤੇ ਗੈਰ-ਮੂਲਵਾਸੀ ਕਲਾਕਾਰਾਂ ਲਈ ਸਹਿਯੋਗੀ ਪ੍ਰੋਜੈਕਟ ਸ਼ੁਰੂ ਕਰਨ ਅਤੇ ਸੁਲ੍ਹਾ-ਸਫਾਈ ਦੀ ਪ੍ਰਕਿਰਿਆ ਵਿੱਚ ਯੋਗਦਾਨ ਪਾਉਣ ਵਾਲੇ ਪ੍ਰੋਜੈਕਟ ਤਿਆਰ ਕਰਨ ਲਈ ਇੱਕ ਰਣਨੀਤੀ ਸਥਾਪਤ ਕਰਨ ਦੀ ਮੰਗ ਕਰਦੇ ਹਾਂ।

## ਮੀਡੀਆ ਅਤੇ ਸੁਲ੍ਹਾ

84. ਅਸੀਂ ਫੈਡਰਲ ਸਰਕਾਰ ਤੋਂ ਸੀਬੀਸੀ/ਰੇਡੀਓ-ਕੈਨੇਡਾ ਲਈ ਫੰਡਾਂ ਨੂੰ ਬਹਾਲ ਕਰਨ ਅਤੇ ਵਧਾਉਣ ਦੀ ਮੰਗ ਕਰਦੇ ਹਾਂ, ਤਾਂ ਜੋ ਕੈਨੇਡਾ ਦੇ ਰਾਸ਼ਟਰੀ ਜਨਤਕ ਪ੍ਰਸਾਰਕ ਨੂੰ ਸੁਲ੍ਹਾ-ਸਫਾਈ ਦਾ ਸਮਰਥਨ ਕਰਨ ਦੇ ਯੋਗ ਬਣਾਇਆ ਜਾ ਸਕੇ ਅਤੇ ਮੂਲਵਾਸੀ ਲੋਕਾਂ ਦੇ ਭਿੰਨ ਭਿੰਨ ਸੱਭਿਆਚਾਰਾਂ, ਭਾਸ਼ਾਵਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਸਹੀ ਢੰਗ ਨਾਲ ਪ੍ਰਤੀਬਿੰਬਤ ਕੀਤਾ ਜਾ ਸਕੇ, ਜਿਸ ਵਿੱਚ ਹੇਠ ਲਿਖਿਆ ਵੀ ਸ਼ਾਮਲ ਹੈ ਪਰ ਇੱਥੋਂ ਤੱਕ ਸੀਮਿਤ ਨਹੀਂ:

i. ਮੂਲਵਾਸੀ-ਭਾਸ਼ਾ ਦੇ ਬੁਲਾਰਿਆਂ ਸਮੇਤ ਮੂਲਵਾਸੀ ਪ੍ਰੋਗਰਾਮਿੰਗ ਨੂੰ ਵਧਾਉਣਾ।
ii. ਸੰਗਠਨ ਦੇ ਅੰਦਰ ਨੌਕਰੀਆਂ, ਲੀਡਰਸ਼ਿਪ ਦੇ ਅਹੁਦਿਆਂ ਅਤੇ ਪੇਸ਼ੇਵਰ ਵਿਕਾਸ ਦੇ ਮੌਕਿਆਂ ਵਿੱਚ ਮੂਲਵਾਸੀ ਲੋਕਾਂ ਲਈ ਬਰਾਬਰ ਦੀ ਪਹੁੰਚ ਨੂੰ ਵਧਾਉਣਾ।
iii. ਰਿਹਾਇਸ਼ੀ ਸਕੂਲਾਂ ਦੇ ਇਤਿਹਾਸ ਤੇ ਵਿਰਾਸਤ ਅਤੇ ਸੁਲ੍ਹਾ ਦੀ ਪ੍ਰਕਿਰਿਆ ਸਮੇਤ ਮੂਲਵਾਸੀ ਲੋਕਾਂ ਅਤੇ ਸਾਰੇ ਕੈਨੇਡੀਅਨਾਂ ਲਈ ਚਿੰਤਾ ਦੇ ਮੁੱਦਿਆਂ ਨਾਲ ਸੰਬੰਧਤ ਸਮਰਪਿਤ ਖ਼ਬਰਾਂ ਦੀ ਕਵਰੇਜ ਅਤੇ ਔਨਲਾਈਨ ਜਨਤਕ ਜਾਣਕਾਰੀ ਦੇ ਸਰੋਤ ਪ੍ਰਦਾਨ ਕਰਨਾ ਜਾਰੀ ਰੱਖਣਾ।

85. ਅਸੀਂ ਐਬਰਿਜਨਲ ਪੀਪਲਜ਼ ਟੈਲੀਵਿਜ਼ਨ ਨੈਟਵਰਕ ਤੋਂ ਇਕ ਗੈਰ-ਮੁਨਾਫ਼ਾ ਪ੍ਰਸਾਰਕ ਵਜੋਂ ਅਤੇ ਮੂਲਵਾਸੀ ਲੋਕਾਂ ਦੁਆਰਾ, ਉਹਨਾਂ ਲਈ ਅਤੇ ਉਹਨਾਂ ਬਾਰੇ ਪ੍ਰੋਗਰਾਮਿੰਗ ਦੇ ਨਾਲ ਸੁਲ੍ਹਾ-ਸਫਾਈ ਦਾ ਸਮਰਥਨ ਕਰਨ ਦੀ ਮੰਗ ਕਰਦੇ ਹਾਂ, ਜਿਸ ਵਿੱਚ ਹੇਠ ਲਿਖਿਆ ਸ਼ਾਮਲ ਹੈ ਪਰ ਇੱਥੋਂ ਤੱਕ ਸੀਮਿਤ ਨਹੀਂ:

i. ਪ੍ਰੋਗਰਾਮਿੰਗ ਅਤੇ ਸੰਗਠਨਾਤਮਕ ਸੱਭਿਆਚਾਰ ਵਿੱਚ ਅਗਵਾਈ ਪ੍ਰਦਾਨ ਕਰਨਾ ਜਾਰੀ ਰੱਖਣਾ ਜੋ ਮੂਲਵਾਸੀ ਲੋਕਾਂ ਦੇ ਵਿਭਿੰਨ ਸੱਭਿਆਚਾਰਾਂ, ਭਾਸ਼ਾਵਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਦਰਸਾਉਂਦਾ ਹੈ।
ii. ਮੀਡੀਆ ਪਹਿਲਕਦਮੀਆਂ ਨੂੰ ਵਿਕਸਤ ਕਰਨਾ ਜਾਰੀ ਰੱਖਣਾ ਜੋ ਕੈਨੇਡਾ ਦੀ ਜਨਤਾ ਨੂੰ ਸੂਚਿਤ ਅਤੇ ਸਿੱਖਿਅਤ ਕਰੇ ਅਤੇ ਜੋ ਮੂਲਵਾਸੀ ਅਤੇ ਗੈਰ-ਮੂਲਵਾਸੀ ਕੈਨੇਡੀਅਨਾਂ ਨੂੰ ਜੋੜੇ।

86. ਅਸੀਂ ਕੈਨੇਡਾ ਦੇ ਪੱਤਰਕਾਰੀ ਪ੍ਰੋਗਰਾਮਾਂ ਅਤੇ ਮੀਡੀਆ ਸਕੂਲਾਂ ਤੋਂ ਮੰਗ ਕਰਦੇ ਹਾਂ ਕਿ ਉਹ ਸਾਰੇ ਵਿਦਿਆਰਥੀਆਂ ਲਈ ਮੂਲਵਾਸੀ ਲੋਕਾਂ ਦੇ ਇਤਿਹਾਸ ਦੀ ਸਿੱਖਿਆ ਨੂੰ ਲਾਜ਼ਮੀ ਕਰੇ। ਜਿਸ ਵਿੱਚ ਰਿਹਾਇਸ਼ੀ ਸਕੂਲਾਂ ਦੇ ਇਤਿਹਾਸ ਅਤੇ ਵਿਰਾਸਤ, *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦਾ ਘੋਸ਼ਣਾ ਪੱਤਰ*, ਸੰਧੀਆਂ ਅਤੇ ਮੂਲਵਾਸੀ ਅਧਿਕਾਰ, ਮੂਲਵਾਸੀ ਕਾਨੂੰਨ ਅਤੇ ਮੂਲਵਾਸੀ ਅਤੇ ਤਾਜ ਦੇ ਸਬੰਧ ਸ਼ਾਮਲ ਹਨ।

## ਖੇਡਾਂ ਅਤੇ ਸੁਲ੍ਹਾ

87. ਅਸੀਂ ਸਾਰੇ ਪੱਧਰ ਦੀਆਂ ਸਰਕਾਰਾਂ ਨੂੰ ਮੂਲਵਾਸੀ ਲੋਕਾਂ, ਸਪੋਰਟਸ ਹਾਲ ਆਫ਼ ਫੇਮ ਅਤੇ ਹੋਰ ਸੰਬੰਧਤ ਸੰਸਥਾਵਾਂ ਦੇ ਸਹਿਯੋਗ ਨਾਲ ਜਨਤਕ ਸਿੱਖਿਆ ਪੇਸ਼ ਕਰਨ ਦੀ ਮੰਗ ਕਰਦੇ ਹਾਂ ਜੋ ਇਤਿਹਾਸ ਵਿੱਚ ਮੂਲਵਾਸੀ ਐਥਲੀਟਾਂ ਦੀ ਰਾਸ਼ਟਰੀ ਕਹਾਣੀ ਨੂੰ ਬਿਆਨ ਕਰਦੀ ਹੈ।

88. ਅਸੀਂ ਸਾਰੇ ਪੱਧਰ ਦੀਆਂ ਸਰਕਾਰਾਂ ਤੋਂ ਲੰਮੀ ਮਿਆਦ ਦੇ ਮੂਲਵਾਸੀ ਐਥਲੀਟਾਂ ਦੇ ਵਿਕਾਸ ਅਤੇ ਤਰੱਕੀ ਨੂੰ ਯਕੀਨੀ ਬਨਾਉਣ ਅਤੇ ਉੱਤਰੀ ਅਮਰੀਕੀ ਮੂਲਵਾਸੀ ਖੇਡਾਂ ਦੇ ਲਈ ਸਮਰਥਨ ਨੂੰ ਜਾਰੀ ਰੱਖਣ,

ਜਿਸ ਵਿੱਚ ਖੇਡਾਂ ਦੀ ਮੇਜਬਾਨੀ ਅਤੇ ਸੂਬਾਈ ਤੇ ਖੇਤਰੀ ਟੀਮ ਦੀ ਤਿਆਰੀ ਅਤੇ ਯਾਤਰਾ ਲਈ ਫੰਡਿੰਗ ਸ਼ਾਮਲ ਹੈ, ਅਸੀਂ ਇਸ ਸਭ ਲਈ ਕਾਰਵਾਈ ਕਰਨ ਦੀ ਮੰਗ ਕਰਦੇ ਹਾਂ।

89. ਅਸੀਂ ਫੈਡਰਲ ਸਰਕਾਰ ਤੋਂ ਸੁਲ੍ਹਾ ਦਾ ਸਮਰਥਨ ਕਰਨ ਲਈ ਸਰੀਰਕ ਗਤੀਵਿਧੀ ਅਤੇ ਖੇਡ ਐਕਟ ਵਿੱਚ ਸੋਧ ਕਰਨ ਦੀ ਮੰਗ ਕਰਦੇ ਹਾਂ ਤਾਂਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਿਹਤ ਅਤੇ ਤੰਦਰੁਸਤੀ ਦੇ ਇੱਕ ਬੁਨਿਆਦੀ ਤੱਤ ਵਜੋਂ ਸਰੀਰਕ ਗਤੀਵਿਧੀ ਨੂੰ ਉਤਸ਼ਾਹਿਤ ਕਰਨ, ਖੇਡਾਂ ਅੰਦਰ ਸ਼ਮੂਲੀਅਤ ਵਿਚਲੀਆਂ ਰੁਕਾਵਟਾਂ ਨੂੰ ਘਟਾਉਣ, ਖੇਡਾਂ ਵਿੱਚ ਉੱਤਮਤਾ ਦੀ ਪ੍ਰਾਪਤ ਕਰਨ ਦੀ ਇੱਛਾ ਨੂੰ ਵਧਾਉਣ ਲਈ ਅਤੇ ਕੈਨੇਡੀਅਨ ਖੇਡ ਪ੍ਰਣਾਲੀ ਵਿੱਚ ਸਮਰੱਥਾ ਦਾ ਨਿਰਮਾਣ ਕਰਨ ਵਰਗੀਆਂ ਨੀਤੀਆਂ ਵਿੱਚ ਮੂਲਵਾਸੀ ਲੋਕ ਸ਼ਾਮਲ ਹਨ।

90. ਅਸੀਂ ਫੈਡਰਲ ਸਰਕਾਰ ਤੋਂ ਇਹ ਯਕੀਨੀ ਬਨਾਉਣ ਦੀ ਮੰਗ ਕਰਦੇ ਹਾਂ ਕਿ ਕੌਮੀ ਖੇਡ ਨੀਤੀਆਂ, ਪ੍ਰੋਗਰਾਮ ਅਤੇ ਪਹਿਲਕਦਮੀਆਂ ਵਿੱਚ ਮੂਲਵਾਸੀ ਲੋਕਾਂ ਨੂੰ ਸ਼ਾਮਲ ਕੀਤਾ ਜਾਵੇ। ਜਿਸ ਵਿੱਚ ਹੇਠ ਲਿਖਿਆ ਸ਼ਾਮਲ ਹੈ, ਪਰ ਇਹਨਾਂ ਤੱਕ ਸੀਮਿਤ ਨਹੀਂ ਹੈ:

i. ਸੂਬਾਈ ਅਤੇ ਖੇਤਰੀ ਸਰਕਾਰਾਂ ਦੇ ਸਹਿਯੋਗ ਨਾਲ ਉਨ੍ਹਾਂ ਕਮਿਊਨਿਟੀ ਸਪੋਰਟਸ ਪ੍ਰੋਗਰਾਮਾਂ ਲਈ ਸਥਿਰ ਫੰਡਿੰਗ ਅਤੇ ਉਹਨਾਂ ਤੱਕ ਪਹੁੰਚ ਸਥਾਪਤ ਕਰਨਾ ਜੋ ਮੂਲਵਾਸੀ ਲੋਕਾਂ ਦੇ ਵਿਭਿੰਨ ਸੱਭਿਆਚਾਰਾਂ ਅਤੇ ਰਵਾਇਤੀ ਖੇਡ ਗਤੀਵਿਧੀਆਂ ਨੂੰ ਦਰਸਾਉਂਦੇ ਹਨ।

ii. ਮੂਲਵਾਸੀ ਖਿਡਾਰੀਆਂ ਲਈ ਪ੍ਰਤਿਸ਼ਠਿਤ ਅਥਲੀਟ ਵਿਕਾਸ ਪ੍ਰੋਗਰਾਮ ਸਥਾਪਤ ਕਰਨਾ।

iii. ਕੋਚ, ਟਰੇਨਰ ਅਤੇ ਖੇਡ ਅਧਿਕਾਰੀਆਂ ਲਈ ਪ੍ਰੋਗਰਾਮ ਸਥਾਪਤ ਕਰਨਾ ਜੋ ਮੂਲਵਾਸੀ ਲੋਕਾਂ ਲਈ ਸੱਭਿਆਚਾਰਕ ਤੌਰ ’ਤੇ ਢੁਕਵੇਂ ਹੋਣ ।

iv. ਨਸਲਵਾਦ ਵਿਰੋਧੀ ਜਾਗਰੂਕਤਾ ਅਤੇ ਸਿਖਲਾਈ ਪ੍ਰੋਗਰਾਮ ਸਥਾਪਤ ਕਰਨਾ।

91. ਅਸੀਂ ਓਲੰਪਿਕ, ਪੈਨ ਐਮ, ਅਤੇ ਰਾਸ਼ਟਰਮੰਡਲ ਖੇਡਾਂ ਵਰਗੇ ਅੰਤਰਰਾਸ਼ਟਰੀ ਖੇਡ ਸਮਾਗਮਾਂ ਦੇ ਅਧਿਕਾਰੀਆਂ ਅਤੇ ਮੇਜ਼ਬਾਨ ਦੇਸ਼ਾਂ ਤੋਂ ਇਹ ਯਕੀਨੀ ਬਨਾਉਣ ਦੀ ਮੰਗ ਕਰਦੇ ਹਾਂ ਕਿ ਮੂਲਵਾਸੀ ਲੋਕਾਂ ਦੇ ਖੇਤਰੀ ਪ੍ਰੋਟੋਕੋਲ ਦਾ ਸਨਮਾਨ ਕੀਤਾ ਜਾਵੇ ਅਤੇ ਸਥਾਨਕ ਮੂਲਵਾਸੀ ਭਾਈਚਾਰੇ ਅਜਿਹੇ ਸਮਾਗਮਾਂ ਦੀ ਯੋਜਨਾ ਬਨਾਉਣ ਅਤੇ ਭਾਗ ਲੈਣ ਦੇ ਸਾਰੇ ਪਹਿਲੂਆਂ ਵਿੱਚ ਸ਼ਾਮਲ ਹੋਣ।

## ਵਪਾਰ ਅਤੇ ਸੁਲ੍ਹਾ

92. ਅਸੀਂ ਕੈਨੇਡਾ ਵਿੱਚ ਕਾਰਪੋਰੇਟ ਸੈਕਟਰ ਨੂੰ *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਘੋਸ਼ਣਾ ਪੱਤਰ* ਨੂੰ ਸੁਲ੍ਹਾ-ਸਫਾਈ ਦੇ ਇਕ ਢਾਂਚੇ ਵਜੋਂ ਅਪਣਾਉਣ ਅਤੇ ਇਸ ਦੇ ਸਿਧਾਂਤਾਂ, ਨਿਯਮਾਂ ਅਤੇ ਮਿਆਰਾਂ ਨੂੰ ਮੂਲਵਾਸੀ ਲੋਕਾਂ ਅਤੇ ਉਹਨਾਂ ਦੀਆਂ ਜ਼ਮੀਨਾਂ ਅਤੇ ਸਰੋਤਾਂ ਨਾਲ ਜੁੜੀ ਕਾਰਪੋਰੇਟ ਨੀਤੀ ਅਤੇ ਮੂਲ ਸੰਚਾਲਨ ਗਤੀਵਿਧੀਆਂ (core operational activities) ਵਿੱਚ ਲਾਗੂ ਕਰਨ ਦੀ ਮੰਗ ਕਰਦੇ ਹਾਂ। ਇਸ ਵਿੱਚ ਹੇਠ ਲਿਖਿਆ ਸ਼ਾਮਲ ਹੋਵੇਗਾ, ਪਰ ਇਹਨਾਂ ਤੱਕ ਸੀਮਿਤ ਨਹੀਂ ਹੋਵੇਗਾ:

i. ਆਰਥਿਕ ਵਿਕਾਸ ਪਰਿਯੋਜਨਾਵਾਂ ਲਈ ਅੱਗੇ ਵਧਣ ਤੋਂ ਪਹਿਲਾਂ ਸਾਰਥਕ ਸਲਾਹ ਮਸ਼ਵਰੇ, ਆਦਰਪੂਰਨ ਰਿਸ਼ਤੇ ਬਨਾਉਣਾ, ਅਤੇ ਮੂਲਵਾਸੀ ਲੋਕਾਂ ਦੀ ਮੁਫਤ, ਪਹਿਲਾਂ ਤੋਂ ਅਤੇ ਸੂਚਿਤ ਸਹਿਮਤੀ ਹਾਸਲ ਕਰਨ ਲਈ ਵਚਨਬੱਧਤਾ ਦੇਣੀ।

ii. ਇਹ ਯਕੀਨੀ ਬਣਾਓ ਕਿ ਮੂਲਵਾਸੀ ਲੋਕਾਂ ਨੂੰ ਕਾਰਪੋਰੇਟ ਖੇਤਰ ਵਿੱਚ ਨੌਕਰੀਆਂ, ਸਿਖਲਾਈ ਅਤੇ ਸਿੱਖਿਆ ਦੇ ਮੌਕਿਆਂ ਤੱਕ ਬਰਾਬਰ ਦੀ ਪਹੁੰਚ ਪ੍ਰਾਪਤ ਹੋਵੇ ਅਤੇ ਇਹ ਕਿ ਮੂਲਵਾਸੀ ਭਾਈਚਾਰਿਆਂ ਨੂੰ ਆਰਥਿਕ ਵਿਕਾਸ ਪਰਿਯੋਜਨਾਵਾਂ ਤੋਂ ਲੰਮੇ ਸਮੇਂ ਲਈ ਟਿਕਾਊ ਲਾਭ ਪ੍ਰਾਪਤ ਹੋਣ।

iii. ਮੈਨੇਜਮੈਂਟ ਅਤੇ ਸਟਾਫ ਲਈ ਮੂਲਵਾਸੀ ਲੋਕਾਂ ਦੇ ਇਤਿਹਾਸ ਸੰਬੰਧੀ ਸਿੱਖਿਆ ਪੇਸ਼ ਕਰੋ। ਜਿਸ ਵਿੱਚ ਰਿਹਾਇਸ਼ੀ ਸਕੂਲਾਂ ਦੇ ਇਤਿਹਾਸ ਅਤੇ ਵਿਰਾਸਤ, *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦਾ ਘੋਸ਼ਣਾ ਪੱਤਰ,* ਸੰਧੀਆਂ ਅਤੇ ਮੂਲਵਾਸੀ ਅਧਿਕਾਰ, ਮੂਲਵਾਸੀ ਕਾਨੂੰਨ ਅਤੇ ਮੂਲਵਾਸੀ ਅਤੇ ਤਾਜ ਦੇ ਸਬੰਧ ਸ਼ਾਮਲ ਹਨ। ਇਸ ਦੇ ਲਈ ਅੰਤਰ-ਸੱਭਿਆਚਾਰਕ ਯੋਗਤਾ, ਵਿਵਾਦ ਦੇ ਹੱਲ (conflict resolution), ਮਨੁੱਖੀ ਅਧਿਕਾਰਾਂ, ਅਤੇ ਨਸਲਵਾਦ-ਵਿਰੋਧੀ ਵਿਸ਼ਿਆਂ ਵਿੱਚ ਹੁਨਰ ਅਧਾਰਤ ਸਿਖਲਾਈ ਦੀ ਲੋੜ ਹੋਵੇਗੀ।

## ਕੈਨੇਡਾ ਵਿੱਚ ਨਵੇਂ ਆਉਣ ਵਾਲਿਆਂ ਲਈ

93. ਅਸੀਂ ਫੈਡਰਲ ਸਰਕਾਰ ਤੋਂ ਰਾਸ਼ਟਰੀ ਮੂਲਵਾਸੀ ਸੰਗਠਨਾਂ ਦੇ ਸਹਿਯੋਗ ਨਾਲ ਕੈਨੇਡਾ ਵਿੱਚ ਨਵੇਂ ਆਏ ਲੋਕਾਂ ਲਈ ਸੂਚਨਾ ਕਿੱਟ ਅਤੇ ਇਸਦੇ ਨਾਗਰਿਕਤਾ ਟੈਸਟ ਨੂੰ ਸੋਧਣ ਦੀ ਮੰਗ ਕਰਦੇ ਹਾਂ ਤਾਂ ਜੋ ਕੈਨੇਡਾ ਦੇ ਭਿੰਨ ਭਿੰਨ ਮੂਲਵਾਸੀ ਲੋਕਾਂ ਦੇ ਵਧੇਰੇ ਸੰਮਿਲਿਤ ਇਤਿਹਾਸ ਨੂੰ ਦਰਸਾਇਆ ਜਾ ਸਕੇ, ਜਿਸ ਵਿੱਚ ਸੰਧੀਆਂ ਅਤੇ ਰਿਹਾਇਸ਼ੀ ਸਕੂਲਾਂ ਦੇ ਇਤਿਹਾਸ ਬਾਰੇ ਜਾਣਕਾਰੀ ਸ਼ਾਮਲ ਹੈ।

94. ਅਸੀਂ ਕੈਨੇਡਾ ਸਰਕਾਰ ਤੋਂ ਨਾਗਰਿਕਤਾ ਦੀ ਸਹੁੰ ਨੂੰ ਹੇਠਾਂ ਦਿੱਤੇ ਨਾਲ ਬਦਲਣ ਦੀ ਮੰਗ ਕਰਦੇ ਹਾਂ:
ਮੈਂ ਸਹੁੰ ਖਾਂਦਾ ਹਾਂ (ਜਾਂ ਪੁਸ਼ਟੀ ਕਰਦਾ ਹਾਂ) ਕਿ ਮੈਂ ਕੈਨੇਡਾ ਦੀ ਮਹਾਰਾਣੀ, ਮਹਾਮਹਿਮ ਮਹਾਰਾਣੀ ਐਲਿਜ਼ਾਬੈਥ II, ਉਸਦੇ ਵਾਰਸਾਂ ਅਤੇ ਉੱਤਰਾਧਿਕਾਰੀਆਂ ਪ੍ਰਤੀ ਵਫ਼ਾਦਾਰ ਰਹਾਂਗਾ ਅਤੇ ਸੱਚੀ ਨਿਸ਼ਠਾ ਰੱਖਾਂਗਾ, ਅਤੇ ਇਹ ਕਿ ਮੈਂ ਵਫ਼ਾਦਾਰੀ ਨਾਲ ਕੈਨੇਡਾ ਦੇ ਕਾਨੂੰਨਾਂ ਦੀ ਪਾਲਣਾ ਕਰਾਂਗਾ, ਜਿਸ ਵਿੱਚ ਮੂਲਵਾਸੀ ਲੋਕਾਂ ਨਾਲ ਸੰਧੀਆਂ ਸ਼ਾਮਲ ਹਨ ਅਤੇ ਇੱਕ ਕੈਨੇਡੀਅਨ ਨਾਗਰਿਕ ਵਜੋਂ ਆਪਣੇ ਫਰਜ਼ਾਂ ਨੂੰ ਪੂਰਾ ਕਰਾਂਗਾ।